


VOICE OF THE PUNJABI COMMUNITY

DESH PARDES TIMES

# ਦੇਸ ਪ੍ਰਦੇਸ ਟਾਈਮਜ਼

Vancouver-Winnipeg-Edmonton-Calgary

ਸੰਪਾਦਕ- ਸੁਖਵਿੰਦਰ ਸਿੰਘ ਚੋਹਲਾ, Sukhwinder Singh Chohla (Editor) Gurbhalinder Singh Sandhu, Editor (Hon.)




VOL-22 ISSUE : 1 APRIL, 2023 PHONE : 778-772-1994, Email : editor@deshpardestimes.com, sschohla@gmail.com www.deshpardes.ca

ਫੈਡਰਲ ਬਜਟ 2023

## ਟਰੂਡੋ ਸਰਕਾਰ ਵੱਲੋਂ ਡੈਂਟਲ ਕੇਅਰ ਦਾ ਵਿਸਤਾਰ-ਗਰੀਨ ਆਰਥਿਕਤਾ 'ਤੇ ਜ਼ੋਰ

### 40 ਅਰਬ ਡਾਲਰ ਦੇ ਘਾਟੇ ਦੇ ਅਨੁਮਾਨ ਵਾਲਾ ਬਜਟ ਪੇਸ਼



ਓਟਵਾ (ਦੇ. ਪ੍ਰ. ਬਿ.)-ਫੈਡਰਲ ਸਰਕਾਰ ਨੇ ਬਿਜਲੀ 'ਤੇ ਵੱਡਾ ਖਰਚ ਕਰਕੇ ਆਪਣੇ 2023 ਦੇ ਬਜਟ ਵਿਚ ਕੈਨੇਡਾ ਨੂੰ ਗਲੋਬਲ ਕਲੀਨ ਐਨਰਜੀ ਲੀਡਰ ਵਜੋਂ ਸਥਾਨ ਦਿਵਾਉਣ ਦਾ ਵਾਅਦਾ ਕੀਤਾ ਹੈ ਤੇ ਨਾਲ ਹੀ ਕੌਮੀ ਡੈਂਟਲ ਕੇਅਰ ਯੋਜਨਾ ਵਿਚ ਤੇਜ਼ੀ ਲਿਆਂਦੀ ਜਾ ਰਹੀ ਹੈ ਅਤੇ ਸਰਕਾਰ ਆਪਣੇ ਤਾਜ਼ਾ ਅਪਡੇਟ ਨਾਲੋਂ ਵੱਡੇ ਘਾਟੇ ਦਾ ਅਨੁਮਾਨ ਲਗਾ ਰਹੀ ਹੈ। ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਆਰਥਿਕ ਸੁਨੇਹੇ ਦਾ ਮੁੱਖ ਧਿਆਨ ਇਸ ਗੱਲ 'ਤੇ ਹੈ ਕਿ ਬਜਟ ਕੈਨੇਡਾ ਨੂੰ ਉਸ ਪਲ ਦਾ ਲਾਭ ਲੈਣ ਦੀ ਸਥਿਤੀ ਪ੍ਰਦਾਨ ਕਰੇਗਾ ਜਿਸ ਵਿਚ ਅਮਰੀਕਾ ਤੇ ਦੂਸਰੇ ਲੋਕਤੰਤਰੀ ਸਹਿਯੋਗੀ ਆਪਣੀ ਸਪਲਾਈ ਚੇਨ ਚੀਨ ਤੇ ਰੂਸ 'ਤੇ (ਬਾਕੀ ਸਫ਼ਾ 10 'ਤੇ)

## ਸੈਕਰਾਮੈਂਟੋ ਨਗਰ ਕੀਰਤਨ ਦੌਰਾਨ ਗੋਲੀ ਚੱਲੀ-ਦੋ ਜ਼ਖਮੀ





ਸੈਕਰਾਮੈਂਟੋ- ਕੈਲੀਫੋਰਨੀਆ ਦੇ ਸੈਕਰਾਮੈਂਟੋ ਸਿੱਖ ਸੁਸਾਇਟੀ ਗੁਰਦੁਆਰੇ 'ਚ ਹੋਏ ਝਗੜੇ ਵਿਚ ਦੋ ਜਣਿਆਂ ਨੂੰ ਗੋਲੀ ਲੱਗੀ ਹੈ। ਗੁਰਦੁਆਰੇ 'ਚ ਗੋਲੀਬਾਰੀ ਦੀ ਇਹ ਘਟਨਾ ਐਤਵਾਰ ਦੁਪਹਿਰੇ ਕਰੀਬ 2.30 ਵਜੇ ਵਾਪਰੀ। ਗੋਲੀਬਾਰੀ ਦੀ ਇਹ ਘਟਨਾ ਗੁਰਦੁਆਰੇ ਦੇ ਪਹਿਲੇ ਨਗਰ ਕੀਰਤਨ ਮੌਕੇ ਵਾਪਰੀ ਹੈ। ਸੂਤਰਾਂ ਨੇ ਦੱਸਿਆ ਕਿ ਦੋ ਵਿਅਕਤੀਆਂ ਵਿਚਾਲੇ ਪਹਿਲਾਂ ਹੱਥੋਪਾਈ ਹੋਈ। ਇਨ੍ਹਾਂ ਵਿਚੋਂ ਇਕ ਨੇ ਦੂਜੇ ਦੇ ਮਿੱਤਰ ਨੂੰ ਗੋਲੀ ਮਾਰ ਦਿੱਤੀ। ਬਾਅਦ ਵਿਚ ਲੜਾਈ ਵਿਚ ਸ਼ਾਮਲ ਦੂਜੇ ਵਿਅਕਤੀ ਨੇ ਦੂਜੀ ਧਿਰ ਨਾਲ ਸਬੰਧਤ ਵਿਅਕਤੀ ਨੂੰ ਗੋਲੀ ਮਾਰ ਦਿੱਤੀ, ਤੇ ਫਰਾਰ ਹੋ ਗਿਆ। ਦੂਸਰਾ ਵਿਅਕਤੀ ਹਾਲੇ ਤੱਕ ਫੜਿਆ ਨਹੀਂ ਜਾ ਸਕਿਆ। ਪੁਲੀਸ ਨੇ ਕਿਹਾ ਕਿ ਇਹ ਨਫ਼ਰਤੀ ਅਪਰਾਧ ਨਹੀਂ ਬਲਕਿ ਦੋ ਵਿਅਕਤੀਆਂ ਵਿਚਾਲੇ ਝਗੜੇ ਵਿਚ ਚੱਲੀ ਗੋਲੀ ਹੈ, ਜੋ ਕਿ ਇਕ-ਦੂਜੇ ਨੂੰ ਜਾਣਦੇ ਸਨ। ਗੋਲੀ ਲੱਗਣ ਕਾਰਨ ਫੱਟੜਾਂ ਨੂੰ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ। ਉਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ।

## ਅੰਮ੍ਰਿਤਪਾਲ ਸਿੰਘ ਚੜ੍ਹਦੀ ਕਲਾ ਵਿਚ-ਵੀਡੀਓ ਜਾਰੀ ਕਰਕੇ ਕੀਤਾ ਖੁਲਾਸਾ

### ਵਿਸਾਖੀ ਤੇ ਸਰਬਤ ਖਾਲਸਾ ਬੁਲਾਉਣ ਦਾ ਸੱਦਾ



ਚੰਡੀਗੜ੍ਹ-'ਵਾਰਿਸ ਪੰਜਾਬ ਦੇ' ਪ੍ਰਮੁੱਖ ਅੰਮ੍ਰਿਤਪਾਲ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਤਮ-ਸਮਰਪਣ ਦੇ ਕਿਆਸਾਂ ਦੌਰਾਨ ਆਪਣੀ ਛੁਪਣਗਾਹ ਤੋਂ ਇੱਕ ਵੀਡੀਓ ਸੁਨੇਹਾ ਜਾਰੀ ਕਰ ਕੇ ਦਾਅਵਾ ਕੀਤਾ ਹੈ ਕਿ ਉਹ ਚੜ੍ਹਦੀ ਕਲਾ 'ਚ ਹੈ। ਉਸ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਕਿਹਾ ਕਿ ਉਹ ਵਿਸਾਖੀ 'ਤੇ ਸਰਬੱਤ ਖਾਲਸਾ ਸੱਦ ਕੇ ਸਿੱਖ ਭਾਈਚਾਰੇ ਨਾਲ ਸਬੰਧਤ ਮੁੱਦਿਆਂ 'ਤੇ ਵਿਚਾਰਾਂ ਕਰਨ। ਕਰੀਬ ਬਾਰ੍ਹਾਂ ਦਿਨਾਂ ਦੀ ਲੁਕਣਮੀਟੀ ਮਗਰੋਂ ਜਾਰੀ ਸੁਨੇਹੇ ਵਿੱਚ ਜਿੱਥੇ ਅੰਮ੍ਰਿਤਪਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ ਅਗਵਾਈ ਲਈ ਆਸਵੰਦ ਦਿਖਿਆ ਹੈ, ਉੱਥੇ ਉਸ ਨੇ ਲੋਕਾਂ 'ਤੇ ਵੀ ਟੇਕ ਲਾਈ ਹੋਈ ਹੈ ਕਿ ਇਸ ਔਖੀ ਘੜੀ 'ਚ ਉਹ ਉਸ ਦਾ ਸਾਥ ਦੇਣਗੇ। ਅੰਮ੍ਰਿਤਪਾਲ ਨੇ ਵੀਡੀਓ ਸੁਨੇਹਾ ਜਾਰੀ ਕਰਕੇ ਉਸ ਦੇ ਪੁਲੀਸ ਹਿਰਾਸਤ 'ਚ ਹੋਣ ਦੇ ਭਰਮਾਂ ਤੋਂ ਵੀ ਧੂੜ ਝਾੜ ਦਿੱਤੀ ਹੈ।

ਅੰਮ੍ਰਿਤਪਾਲ ਨੇ ਵੀਡੀਓ ਸੁਨੇਹੇ ਜ਼ਰੀਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ 'ਤੇ ਚਰਚਾ ਲਈ ਅਗਲੇ ਮਹੀਨੇ ਵਿਸਾਖੀ ਦਿਹਾੜੇ 'ਤੇ ਸਰਬੱਤ ਖ਼ਾਲਸਾ ਸੱਦਣ। ਉਸ ਨੇ ਕਿਹਾ ਕਿ ਲੋਕ ਪਹਿਲਾਂ ਹੀ ਜਾਗਰੂਕ ਹਨ ਜਿਸ ਕਰਕੇ ਜਥੇਦਾਰ ਹੁਣ ਲੋਕ ਮਨਾਂ ਵਿਚ ਬਣੇ ਖੌਫ਼ ਨੂੰ ਤੋੜਨ ਲਈ ਅਗਵਾਈ ਕਰਨ। ਉਨ੍ਹਾਂ ਕਿਹਾ ਕਿ ਜੇ ਜਵਾਨੀ ਤੇ ਪੰਜਾਬ ਨੂੰ ਬਚਾਉਣਾ ਹੈ ਤਾਂ ਭਾਈਚਾਰੇ ਨੂੰ ਛੋਟੇ ਮੋਟੇ ਧਰਨਿਆਂ ਤੇ ਮੋਰਚਿਆਂ ਦੀ ਥਾਂ ਉਸੇ ਤਰ੍ਹਾਂ ਸਰਬੱਤ ਖ਼ਾਲਸਾ ਵਿਚ ਹਿੱਸਾ ਲੈਣਾ ਚਾਹੀਦਾ ਹੈ ਜਿਵੇਂ ਅਬਦਾਲੀ ਦੁਆਰਾ ਸਿੱਖਾਂ ਦੀ ਨਸਲਕੁਸ਼ੀ ਕਰਨ ਤੋਂ ਬਾਅਦ ਸਰਬੱਤ ਖ਼ਾਲਸਾ 'ਚ ਇਕੱਠ ਹੋਇਆ ਸੀ। ਅੰਮ੍ਰਿਤਪਾਲ ਸਿੰਘ ਨੇ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਸਰਬੱਤ ਖ਼ਾਲਸਾ ਵਿਚ ਹਿੱਸਾ ਲੈਣ ਦੀ ਅਪੀਲ ਕਰਦਿਆਂ (ਬਾਕੀ ਸਫ਼ਾ 15 'ਤੇ)

## ਨਵਜੋਤ ਸਿੰਘ ਸਿੱਧੂ 10 ਮਹੀਨੇ ਬਾਦ ਜੇਲ ਤੋਂ ਰਿਹਾਅ



ਪਟਿਆਲਾ, 1 ਅਪਰੈਲ (ਦੇ ਪ੍ਰ ਬਿ)- ਤੇਜ਼ ਤਰਾਰ ਕਾਂਗਰਸੀ ਆਗੂ ਨਵਜੋਤ ਸਿੱਧੂ ਪਟਿਆਲਾ ਜੇਲ ਤੋ ਰਿਹਾਅ ਕਰ ਦਿੱਤੇ ਗਏ ਹਨ। ਉਹ ਪਿਛਲੇ 10 ਮਹੀਨਿਆਂ ਤੋਂ ਇਕ 30 ਸਾਲ ਪੁਰਾਣੇ ਰੋਡਰੇਜ ਮਾਮਲੇ ਵਿੱਚ ਸਜ਼ਾ ਤਹਿਤ ਜੇਲ ਵਿਚ ਬੰਦ ਸਨ। ਅੱਜ ਜੇਲ ਵਿਚੋ ਰਿਹਾਅ ਹੋਣ ਸਮੇਂ ਉਨ੍ਹਾਂ ਦੇ ਵੱਡੀ ਗਿਣਤੀ ਸਮਰਥਕਾਂ ਵੱਲੋਂ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਅਸਮਾਨੀ ਰੰਗ ਦੀ ਜੈਕਟ ਪਹਿਨੀ ਹੋਈ ਸੀ। ਇਸ ਮੌਕੇ ਪੁਲੀਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।। ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਖੌਫ਼ ਵਿੱਚ ਹੈ ਤੇ ਉਹ ਸੱਚ ਨਹੀਂ ਸੁਣਨਾ ਚਾਹੁੰਦੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਇਕ ਕ੍ਰਾਂਤੀ ਦਾ ਨਾਂ ਹੈ। ਉਨ੍ਹਾਂ ਨੂੰ 1988 ਵਿੱਚ ਵਾਪਰੇ ਰੋਡਰੇਜ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਬੀਤੇ ਸਾਲ 20 ਮਈ ਨੂੰ ਇਕ ਸਾਲ ਦੀ ਸਜ਼ਾ ਸੁਣਾਈ ਸੀ।














ACCOST
Insurance & Financial Centre Inc.
Honest•Reliable•Friendly
Wawanesa Insurance
ICBC
ਸੁਪਰ ਵੀਜ਼ਾ ਸਪੈਸ਼ਲ ਰੇਟ
ਟਰੱਕ ਫਲੀਟ ਪ੍ਰੋਰੇਟ
Car/Truck / Homeowners / Business / Financing / Fleet /Prorate
Cargo / Life Insurance / Condo / Tenants / Travel / Supervisa
Nishaber S. Dhindsa
Cell: 604-783-5860
mail: nishaberdhindsa@accostinsurance.com
Navinder S Sandhu, CAIB
Cell:604-761-6291
mail:navinder.sandhu@accostinsurance.com
Ajay Dhindsa
Cell: 778-680-1195
mail: ajaydhindsa@accostinsurance.com
Monday to Sunday 9 am to 9 Pm Holidays:10 am to 5pm
#220 7093 King George Blvd Surrey, BC V3W 5A2
E-mail address: accost@accostinsurance.com
Contact: (604) 502-7878
Location : Accost Insurance & Financial Centre Inc.
Surrey Location : 7093 King George Blvd.Surrey, BC V3W5 A2


NOW OPEN
ਮਾੜੀ ਮੁਸਤਫਾ ਵਾਲੇ, ਮੋਗੇ ਵਾਲੇ
PJ
PRITAM JEWELLERS
ਪ੍ਰੀਤਮ ਜਿਊਲਰਜ਼
ਅਸੀਂ ਹਰ ਤਰ੍ਹਾਂ ਦੇ ਸੋਨੇ ਦੇ,
ਹੀਰਿਆਂ ਦੇ ਗਹਿਣੇ ਤਿਆਰ ਕਰਦੇ ਹਾਂ।
ਇਥੇ ਤੁਹਾਡੇ ਪੁਰਾਣੇ ਸੋਨੇ ਦੀ ਵਧੀਆ ਕੀਮਤ ਦਿੱਤੀ ਜਾਵੇਗੀ।
ਇਥੇ ਕੰਨ, ਨੱਕ ਵਿੰਨੇ ਜਾਂਦੇ ਹਨ, ਗਹਿਣਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ।
PH-604-504-1313
# Unit 118 32083 Hillcrest Ave Abbotsford, BC V2T 1S3


Teja
A leading supplier of South Asian Food Products since 1955
NEW!
Teja
MULTIGRAIN ATTA
Teja
GLUTEN FREE ATTA
GLUTEN FREE FLOUR
FARINE SANS GLUTEN
ਗਲੂਟਨ ਫ਼ਰੀ ਆਟਾ
MULTIGRAIN ATTA
604-630-8448
Mandeep Bains
Braham Teja
Web: tejaworldfoods.com
Unit 117-7727 Beedie Way Delta B.C V4G 0A5


CASCADE
BATH AND LIGHTING
Mon- Fri
8:30 am – 5:30 pm
Sat 9:00 am- 4:30 pm
Sun Closed
Email: sales@cascadebath.ca Web-www.cascadebath.ca
We are glad to welcome you to our brand new showroom in Langley BC. We serve clients across Lower Mainland. We specialize in fancy bath lighting fittings and have the widest range of latest and fashionable products to choose from. All our products are best in terms of quality and affordability.
WE CRAFT PRODUCTS, EXPERIENCES & amp; PLATFORMS THAT TRANSFORM BRANDS.
Riobel
Cascade
BLANCO
MOEN
mirolin
PH: 604-510-9400
FAX: 604-510-9401
20667 LANGLEY BYPASS LANGLEY, B.C.V3A 5E8


SAMEER KAUSHAL
&
ANKUR KAUSHAL
PERSONAL REAL ESTATE CORPORATION
Commercial
Residential
Property Experts
Century 21
ਰੀਅਲ ਅਸਟੇਟ ਸਬੰਧੀ
ਕਿਸੇ ਵੀ ਤਰ੍ਹਾਂ ਦੀਆਂ
ਸੇਵਾਵਾਂ ਲਈ ਅੱਜ ਹੀ
ਸੰਪਰਕ ਕਰੋ।
604- 897-9575
604-897-0006
Sameer Kaushal
B.Sc, MBA
#105,7928 128 Street
Surrey, BC V3W 4E8
Ankur Kaushal


A-CLASS ELECTRIC LTD.
Trusted Name in The Community
HOUSE WIRING -
TOWN HOUSES WIRING -
COMMERCIAL WIRING -
INDUSTRIAL WIRING -
RENOVATIONS -
ALARM WIRING -
VACUUM -
Serving The Community For More Than 25 Years
SATISFACTION 100% GUARANTEED
ONE DAY SERVICE FOR 8 JOBS
-ELECTRIC - VACUUM - ALARMS - CABLE &
TELEPHONE WIRING - INTERCOM
- VIDEO CAMERA - SOUND SYSTEM
- DISH - HOME THEATER
BEST RATES & FRIENDLY SERVICE
CALL FOR FREE ESTIMATES
CELL: 604.780.5600
CELL: 604.351.2538
mssaini48@hotmail.com
TEL: 604.596.5474
FAX: 604.596.4988
MANJIT
CLASS "A" CERTIFIED

VOICE OF THE PUNJABI COMMUNITY
DESH PARDES TIMES
# ਦੇਸ ਪ੍ਰਦੇਸ ਟਾਈਮਜ਼
ਸ਼ਨਿਚਰਵਾਰ, 1 ਅਪ੍ਰੈਲ, 2023







# ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਪੁਰਬ ਮਨਾਉਣ ਦੀਆਂ ਤਿਆਰੀਆਂ

## ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਇਕ ਯਾਦਗਾਰੀ ਪੋਸਟਰ ਰਿਲੀਜ਼

ਸਰੀ-(ਹਰਦਮ ਮਾਨ)-ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਸਿੱਖ ਇਤਿਹਾਸ ਦੇ ਮਹਾਨ ਨਾਇਕ ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਜਨਮ ਪੁਰਬ ਮਈ ਮਹੀਨੇ ਵਿਚ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਇਸ ਸੰਬੰਧ ਵਿਚ ਗੁਰਦੁਆਰਾ ਬਰੁੱਕਸਾਈਡ ਸਾਹਿਬ ਸਰੀ ਵਿਖੇ ਇਕ ਵੱਡੇ ਇਕੱਠ ਦੌਰਾਨ ਸੁਸਾਇਟੀ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਸੰਗਤ ਵੱਲੋਂ ਇਕ ਵੱਡ-ਆਕਾਰੀ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸੁਸਾਇਟੀ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਇਤਿਹਾਸ ਦੇ ਅਜਿਹੇ ਨਾਇਕ ਹੋਏ ਹਨ ਜਿਨ੍ਹਾਂ ਸਿੱਖਾਂ ਦੀ ਖਿੰਡੀ-ਪੁੰਡੀ ਤਾਕਤ ਨੂੰ ਇਕੱਠਾ ਕਰਕੇ ਸਿੱਖ ਫੌਜ ਵਿਚ ਅਜਿਹਾ ਜੋਸ਼ ਭਰਿਆ ਜਿਸਦੇ ਸਦਕਾ ਸਿੱਖਾਂ ਨੇ ਪੰਜਾਬ ਅਤੇ ਦਿੱਲੀ ਦੀ ਧਰਤੀ 'ਤੇ ਖਾਲਸਾਈ ਝੰਡੇ ਝੁਲਾਏ ਤੇ ਆਪਣੀ ਹਕੂਮਤ ਸਥਾਪਤ ਕੀਤੀ। ਉਨ੍ਹਾਂ ਦੀ ਅਗਵਾਈ ਵਿਚ ਸਿੱਖਾਂ ਨੇ ਜਾਬਰਾਂ ਨੂੰ ਅਜਿਹਾ ਸਬਕ ਸਿਖਾਇਆ ਕਿ ਪੰਜਾਬ 'ਤੇ ਹਮਲਾ ਕਰਨ ਵਾਲੇ ਕਹਿੰਦੇ-ਕਹਾਉਂਦੇ ਜਰਵਾਣਿਆ ਦੇ ਗਰੂਰ ਨੂੰ ਮਿੱਟੀ ਵਿਚ ਮਿਲਾ ਦਿੱਤਾ ਸੀ। ਸਿੱਖਾਂ ਨੇ ਆਪਣੀ ਅਣਖ ਅਤੇ ਹੋਂਦ ਕਾਇਮ ਰੱਖਣ ਲਈ ਉਨ੍ਹਾਂ ਦੀ ਅਗਵਾਈ ਹੇਠ ਜੋ ਜਿੱਤਾਂ ਪ੍ਰਾਪਤ ਕੀਤੀਆਂ, ਉਨ੍ਹਾਂ ਨਾਲ ਸਿੱਖ ਕੌਮ ਮਾਨਸਿਕ ਅਤੇ ਸਮਾਜਕ ਪੱਖੋਂ ਬਲਵਾਨ ਹੋਈ। ਉਨ੍ਹਾਂ ਦੱਸਿਆ ਕਿ ਦੋ ਸਾਲ ਪਹਿਲਾਂ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ 300 ਸਾਲਾ ਪੁਰਬ ਸੰਬੰਧੀ ਸਰੀ ਵਿਖੇ ਵੱਡਾ ਸਮਾਗਮ ਕਰਵਾਉਣ ਦੀ ਰੂਪਰੇਖਾ ਉਲੀਕੀ ਗਈ ਸੀ ਪਰ ਕੋਰੋਨਾ ਕਾਰਨ ਇਹ ਸਮਾਗਮ ਨਹੀਂ ਸੀ ਹੋ ਸਕਿਆ ਅਤੇ ਉਸ ਕਾਰਜ ਨੂੰ ਹੁਣ ਮਈ ਮਹੀਨੇ ਵਿਚ ਵੱਡੇ ਪੱਧਰ 'ਤੇ ਮਨਾਉਣ ਦੀ ਵਿਉਂਤਬੰਦੀ ਕੀਤੀ ਗਈ ਹੈ ਤਾਂ ਜੋ ਉਸ ਮਹਾਨ ਨਾਇਕ ਦੇ ਕਾਰਜਾਂ ਅਤੇ ਪ੍ਰਾਪਤੀਆਂ ਨੂੰ ਸਮੁੱਚੇ ਸਿੱਖ ਜਗਤ ਅਤੇ ਆ ਰਹੀ ਪੀੜ੍ਹੀ ਤੱਕ ਪੁਚਾਇਆ ਜਾ ਸਕੇ। ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਪੁਰਬ ਉੱਪਰ ਵਿਸ਼ਵ ਭਰ ਵਿਚ ਕਰਵਾਏ ਜਾ ਰਹੇ ਕਾਰਜਾਂ ਦਾ ਵੇਰਵਾ ਦਿੰਦਿਆਂ ਨਾਮਵਰ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਨੇ ਦੱਸਿਆ ਕਿ ਸਭ ਤੋਂ ਵੱਡਾ ਅਤੇ ਅਹਿਮ ਕਾਰਜ ਇੰਗਲੈਂਡ ਵਿਚ ਹੋ ਰਿਹਾ ਹੈ ਜਿੱਥੇ ਡਰਬੀ ਦੇ ਗੁਰਦੁਆਰਾ ਸਾਹਿਬ ਵਿਚ ਘੋੜੇ 'ਤੇ ਸਵਾਰ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦਾ ਵੱਡ-ਆਕਾਰੀ ਬੁੱਤ ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਮਾਸਿਕ ਰਸਾਲੇ 'ਗੁਰਮਤਿ ਪ੍ਰਕਾਸ਼' ਦਾ ਮਈ ਅੰਕ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਵਿਸ਼ੇਸ਼ ਅੰਕ ਹੋਵੇਗਾ ਜਿਸ ਵਿਚ ਨਾਮਵਰ ਵਿਦਵਾਨਾਂ ਵੱਲੋਂ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਕਾਰਜਾਂ ਪ੍ਰਤੀ ਰੌਸ਼ਨੀ ਪਾਈ ਜਾਵੇਗੀ। 'ਗੁਰਮਤਿ ਪ੍ਰਕਾਸ਼' ਦਾ ਇਹ ਵਿਸ਼ੇਸ਼ ਅੰਕ ਰਿਲੀਜ਼ ਕਰਨ ਲਈ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਅਤੇ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਮਈ ਮਹੀਨੇ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਵਿਸ਼ੇਸ਼ ਸਮਾਰੋਹ ਕਰਵਾਇਆ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਲਹਿੰਦੇ ਪੰਜਾਬ ਵਿਚ ਜਿੱਥੇ ਸਭ ਤੋਂ ਜ਼ਿਆਦਾ ਪੰਜਾਬੀ ਬੋਲਣ ਵਾਲੇ ਵਸਦੇ ਹਨ, ਉਥੇ ਵੀ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਸੰਬੰਧੀ ਇਕ ਪੁਸਤਕ ਸ਼ਾਹਮੁਖੀ ਵਿਚ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ ਜਿਸ ਨੂੰ ਲਾਹੌਰ ਵਿਚ ਵੱਡੇ ਪੱਧਰ ਦੇ ਸਮਾਗਮ ਵਿਚ ਰਿਲੀਜ਼ ਕੀਤਾ ਜਾਵੇਗਾ।




# ਲਿਬਰਲ ਐਮ.ਪੀ. ਸਰਾਏ ਦੀ ਰਾਸ਼ਟਰਪਤੀ ਬਾਇਡਨ ਨਾਲ ਉਤਸ਼ਾਹੀ ਮਿਲਣੀ

ਓਟਵਾ- ਬੀਤੇ ਦਿਨੀ ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋ ਬਾਦ ਪਹਿਲੀ ਵਾਰ ਕੈਨੇਡਾ ਦੌਰੇ ਤੇ ਆਏ ਰਾਸ਼ਟਰਪੀਤ ਜੋਅ ਬਾਇਡਨ ਨੇ ਜਿਥੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਦੁਵੱਲੇ ਸਬੰਧਾਂ ਦੀ ਮਜ਼ਬੂਤੀ ਲਈ ਵਿਚਾਰ ਚਰਚਾ ਕੀਤੀ ਉਥੇ ਉਹਨਾਂ ਨੇ ਪਾਰਲੀਮੈਂਟ ਦੇ ਸੈਸ਼ਨ ਨੂੰ ਸੰਬੋਧਨ ਵੀ ਕੀਤਾ। ਰਾਤ ਨੂੰ ਇਕ ਦਾਅਵਤ ਦੌਰਾਨ ਉਹਨਾਂ ਨੇ ਕੈਨੇਡੀਅਨ ਸੰਸਦ ਮੈਂਬਰਾਂ ਨਾਲ ਮੁਲਾਕਾਤ ਵੀ ਕੀਤੀ। ਇਸੇ ਦੌਰਾਨ ਸਰੀ ਸੈਂਟਰ ਤੋ ਲਿਬਰਲ ਐਮ ਪੀ ਰਣਦੀਪ ਸਿੰਘ ਸਰਾਏ ਨੇ ਵੀ ਉਹਨਾਂ ਨਾਲ ਡਿਨਰ ਪਾਰਟੀ ਦੌਰਾਨ ਮੁਲਾਕਾਤ ਕੀਤੀ। ਰਾਸ਼ਟਰਪਤੀ ਇਕ ਦਸਤਾਰਧਾਰੀ ਕੈਨੇਡੀਅਨ ਐਮ ਪੀ ਸਰਾਏ ਨੂੰ ਬਹੁਤ ਹੀ ਉਤਸ਼ਾਹ ਨਾਲ ਮਿਲੇ ਤੇ ਜਮਹੂਰੀ ਕਦਰਾਂ ਕੀਮਤਾਂ ਦੀ ਮਜ਼ਬੂਤੀ ਲਈ ਨੌਜਵਾਨ ਐਮ ਪੀਜ ਵਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਸ਼ਲਾਘਾ ਕੀਤੀ।
























## ਰਵਿੰਦਰ ਕੌਰ ਬੈਂਸ ਨੂੰ ਜਨਮ ਦਿਨ ਦੀਆਂ ਮੁਬਾਰਕਾਂ...

**ਬੀਤੇ ਦਿਨੀ ਸ਼੍ਰੀਮਤੀ ਰਵਿੰਦਰ ਕੌਰ ਬੈਂਸ ਸੁਪਤਨੀ ਸ: ਤਰਸੇਮ ਸਿੰਘ ਬੈਂਸ (ਤੇਜਾ ਫੂਡਜ) ਦਾ 70ਵਾਂ ਜਨਮ ਦਿਨ ਕੈਨਕੁਨ (ਮੈਕਸੀਕੋ) ਵਿਖੇ ਮਨਾਇਆ ਗਿਆ। ਇਸ ਮੌਕੇ ਪਰਿਵਾਰ ਦੇ 22 ਤੋਂ ਉਪਰ ਮੈਂਬਰਾਂ ਨੇ ਸ਼ਾਮਿਲ ਹੁੰਦਿਆਂ ਉਹਨਾਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ।**

## ਗੁਰੂ ਨਾਨਕ ਫੂਡ ਬੈਂਕ ਵਲੋਂ ਨੌਜਵਾਨ ਵਲੰਟੀਅਰਾਂ ਦਾ ਧੰਨਵਾਦ

ਸਰੀ-ਅਸੀਂ ਗੁਰੂ ਨਾਨਕ ਫੂਡ ਬੈਂਕ ਵਲੋਂ ਸਾਰੇ ਨੌਜਵਾਨ ਵਲੰਟੀਅਰਾਂ ਦਾ ਧੰਨਵਾਦ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੇ ਸਾਰੀਆਂ ਥਾਵਾਂ 'ਤੇ ਆਪਣਾ ਸਪਰਿੰਗ ਬਰੇਕ ਸਮਾਂ ਸਵੈ-ਇੱਛਾ ਨਾਲ ਕੰਮ ਕਰਕੇ ਬਿਤਾਇਆ ਹੈ। ਇਨ੍ਹਾਂ 16 ਦਿਨਾਂ ਵਿਚ 9 ਤੋਂ 18 ਸਾਲ ਦੇ 30 ਤੋਂ ਵੀ ਜ਼ਿਆਦਾ ਵਲੰਟੀਅਰਾਂ ਨੇ ਤਿੰਨ ਥਾਵਾਂ ਖ਼ਾਸਕਰ ਸਰੀ ਤੇ ਡੈਲਟਾ ਵਿਚ 2000 ਘੰਟੇ ਤੋਂ ਵੀ ਜ਼ਿਆਦਾ ਯੋਗਦਾਨ ਪਾਇਆ ਹੈ। ਅਸੀਂ ਉਨ੍ਹਾਂ ਦੇ ਸਮਰਪਣ ਅਤੇ ਉੱਚ ਹਾਂਪੱਖੀ ਭਾਵਨਾਵਾਂ ਦੀ ਕਦਰ ਕਰਦੇ ਹਾਂ। ਸਾਰੇ ਇਨ੍ਹਾਂ ਮਿਹਨਤੀ ਵਲੰਟੀਅਰਾਂ ਵਿਚ 9 ਸਾਲਾ ਸਭ ਤੋਂ ਛੋਟੇ ਵਲੰਟੀਅਰ ਲਕਸ਼ ਵਾਲੀਆ ਵੀ ਸ਼ਾਮਿਲ ਸੀ ਜਿਹੜਾ ਡੈਲਟਾ ਲੋਕੇਸ਼ਨ 'ਤੇ ਹਰ ਰੋਜ਼ ਆਉਂਦਾ ਰਿਹਾ ਅਤੇ ਸਾਰਾ ਸਮਾਂ ਆਪਣੇ ਆਪ ਕੰਮ ਕਰਦਾ ਰਿਹਾ।

## ਆਰਸੀਐਮਪੀ ਪੁਰਸਕਾਰ ਸਮਾਰੋਹ ਵਿਚ ਫ੍ਰੇਜ਼ਰ ਵੈਲੀ ਦੇ 53 ਵਿਅਕਤੀ ਸਨਮਾਨਿਤ

ਸਰੀ-ਚਿਲੀਵੈਕ ਕਲਚਰਲ ਸੈਂਟਰ ਵਿਖੇ ਅਫਸਰ ਇੰਚਾਰਜ ਐਵਾਰਡ ਸਮਾਰੋਹ ਵਿਖੇ ਹਾਲ ਹੀ ਵਿਚ 50 ਤੋਂ ਵੀ ਵੱਧ ਨਾਗਰਿਕਾਂ ਤੇ ਆਰਸੀਐਮਪੀ ਅਫਸਰਾਂ ਨੂੰ ਸਨਮਾਨਿਤ ਕੀਤਾ ਗਿਆ। 15 ਮਾਰਚ ਨੂੰ ਕੁਲ 21 ਪੁਰਸਕਾਰ ਦਿੱਤੇ ਗਏ। ਚਿਲੀਵੈਕ ਆਰਸੀਐਮਪੀ, ਅਰਬਨ ਇੰਡੀਜੀਨਸ ਪੁਲਿਸਿੰਗ ਐਂਡ ਸੇ ਲੈਂਡਜ਼ ਇਨਫੋਰਸਮੈਂਟ ਨੂੰ ਪਹਿਲਾ ਅਪਰ ਫ੍ਰੇਜ਼ਰ ਵੈਲੀ ਰੀਜਨਲ ਡਿਟੈਚਮੈਂਟ (ਯੂਐਫਵੀਆਰਡੀ) ਕੈਨੇ ਪਰਿਵਾਰ ਬਣਾਉਣ ਲਈ ਸਨਮਾਨਿਤ ਕੀਤਾ ਗਿਆ। ਚਿਲੀਵੈਕ ਡਰੱਗ ਸੈਕਸ਼ਨ ਨਾਲ ਜੁੜੇ ਅਫਸਰਾਂ ਨੂੰ ਗੈਰਕਾਨੂੰਨੀ ਅਗਨੀ ਸ਼ਾਸਤਰਾਂ ਨਾਲ ਲੜਨ ਅਤੇ ਸੂਬੇ ਵਿਚ ਗੈਂਗ ਕਰਵਾਈਆਂ ਨੂੰ ਠੱਲ ਪਾਉਣ ਲਈ ਪ੍ਰਦਰਸ਼ਨ ਵਿਚ ਐਕਸੀਲੈਂਸੀ ਪੁਰਸਕਾਰ ਦਿੱਤਾ ਗਿਆ। ਚਿਲੀਵੈਕ ਵਿਚ ਪ੍ਰਾਇਰਟੀ ਟਾਰਗੈਟ ਟੀਮ ਦੀ ਪ੍ਰਾਪਰਟੀ ਜ਼ੁਰਮਾਂ ਨਾਲ ਲੜਨ ਅਤੇ ਚਿਲੀਵੈਕ ਆਧਾਰਤ ਮਸ਼ਹੂਰ ਤੇ ਤਰਜੀਹੀ ਅਪਰਾਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਸਨਮਾਨਿਤ ਕੀਤਾ ਗਿਆ।

## ਚਿਲੀਵੈਕ ਨੇ ਘਰ ਤੇ ਸਟੋਰੇਜ ਲਾਕਰ ਵਿਚੋਂ ਨਸ਼ੀਲੇ ਪਦਾਰਥ ਤੇ ਸ਼ਾਟਗਨਜ਼ ਬਰਾਮਦ ਕੀਤੀਆਂ

ਸਰੀ-ਪੁਲਿਸ ਨੇ ਚਿਲੀਵੈਕ ਵਿਚ 14 ਮਾਰਚ ਨੂੰ ਦੋ ਤਲਾਸ਼ੀ ਵਾਰੰਟਾਂ ਦੀ ਤਾਮੀਲ ਕਰਦਿਆਂ ਵੱਡੀ ਮਾਤਰਾ ਵਿਚ ਫੈਂਟਾਨਿਲ ਨਸ਼ੀਲਾ ਪਦਾਰਥ,ਸ਼ਾਟਗਨਜ਼ ਤੇ ਹੋਰ ਸਬੂਤ ਬਰਾਮਦ ਕੀਤੇ ਹਨ। ਦੋਵੇਂ ਤਲਾਸ਼ੀ ਵਾਰੰਟ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਜਾਂਚ ਨਾਲ ਸਬੰਧਤ ਸਨ ਅਤੇ ਆਰਸੀਐਮਪੀ ਨੇ ਜਾਂਚ ਨੂੰ ਗੁੰਝਲਦਾਰ ਆਖਿਆ ਹੈ। ਅਧਿਕਾਰੀ ਪਹਿਲਾ ਵਾਰੰਟ ਗਾਰਡਨ ਡਰਾਈਵ ਦੇ 9000 ਬਲਾਕ ਲੈ ਕੇ ਗਏ ਅਤੇ ਦੂਸਰਾ ਵਾਰੰਟ ਇੰਡਸਟਰੀਅਲ ਵੇਅ ਇਕ ਸਟੋਰੇਜ ਲਾਕਰ ਲਈ ਲੈ ਕੇ ਗਏ। ਅਧਿਕਾਰੀਆਂ ਨੇ ਤਲਾਸ਼ੀ ਦੌਰਾਨ ਅਸਲੇ ਸਮੇਤ ਦੋ ਸ਼ਾਟਗਨਜ਼, ਇਕ ਲੋਡ ਕੀਤੀ ਹੈਂਡਗਨ, ਲਗਪਗ ਪੰਜ ਕਿਲੋ ਪੈਕ ਕੀਤਾ ਮਾਰਿਜੁਆਨਾ, ਲਗਪਗ, ਇਕ ਕਿਲੋ ਸ਼ੱਕੀ ਫੈਂਟਾਨਿਲ, ਵੱਡੀ ਮਾਤਰਾ ਵਿਚ ਸ਼ੱਕੀ ਮੇਥਲਫੇਟਾਮਾਈਨ ਅਤੇ ਵੱਡੀ ਮਾਤਰਾ ਵਿਚ ਨਕਦੀ, ਕਈ ਸੈੱਲ ਫੋਨ, ਕਈ ਸ਼ੀਟਾਂ, ਨਸ਼ੀਲੇ ਪਦਾਰਥਾਂ ਨੂੰ ਪੈਕਿੰਗ ਕੀਤੇ ਜਾਣ ਵਾਲੀ ਸਮੱਗਰੀ ਅਤੇ ਸਕੇਲਜ਼ ਬਰਾਮਦ ਕੀਤੀਆਂ ਹਨ।









# ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੀ ਨਵੀਂ ਕਮੇਟੀ ਨੇ ਸ਼ੁਕਰਾਨਾ ਦਿਵਸ ਮਨਾਇਆ

## • ਭਾਰੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ • ਨਵੀਂ ਕਮੇਟੀ ਵਲੋਂ ਜਨਰਲ ਇਜਲਾਸ ਕਰਵਾਉਣ ਦਾ ਐਲਾਨ

ਐਬਟਸਫੋਰਡ (ਦੇ ਪ੍ਰ ਬਿ)- ਅੱਜ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੀ ਨਵੀਂ ਚੁਣੀ ਗਈ ਪ੍ਰਬੰਧਕੀ ਕਮੇਟੀ ਵਲੋਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਰਖਾਏ ਗਏ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਰਾਗੀ ਸਿੰਘਾਂ ਦੇ ਕੀਰਤਨੀ ਜਥੇ ਨੇ ਗੁਰੂ ਜੱਸ ਤੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਨਵੇਂ ਚੁਣੇ ਗਏ ਪ੍ਰਧਾਨ ਮਨਿੰਦਰ ਸਿੰਘ ਗਿੱਲ ਦੀ ਅਗਵਾਈ ਵਾਲੀ ਟੀਮ ਨੂੰ ਵਧਾਈਆਂ ਦਿੱਤੀਆਂ ਤੇ ਨਵੀਂ ਕਮੇਟੀ ਨੂੰ ਸਿੱਖੀ ਅਤੇ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਦੇ ਨਾਲ ਹਰ ਤਰਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਬੁਲਾਰਿਆਂ ਨੇ ਖਾਲਸਾ ਦੀਵਾਨ ਸੁਸਾਇਟੀ ਨੂੰ ਕੈਨੇਡਾ ਦੀਆਂ ਸਭ ਤੋ ਪੁਰਾਣੀਆਂ ਸਿੱਖ ਸੁਸਾਇਟੀਆਂ ਚੋ ਇਕ ਹੋਣ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਅਗਵਾਈ ਦੇਣ ਵਾਲੀ ਹੈਰੀਟੇਜ ਸੰਸਥਾ ਵਜੋ ਯਾਦ ਕਰਵਾਉਂਦਿਆਂ ਆਸ ਪ੍ਰਗਟਾਈ ਕਿ ਨਵੀ ਕਮੇਟੀ ਸੁਸਾਇਟੀ ਦੇ ਸ਼ਾਨਾਮੱਤੇ ਇਤਿਹਾਸ ਨੂੰ ਧਿਆਨ ਵਿਚ ਰੱਖਦੇ ਹੋਏ ਨਵੀਆਂ ਪੈੜਾਂ ਸਿਰਜੇਗੀ। ਇਸ ਮੌਕੇ ਬੁਲਾਰਿਆਂ ਵਿਚ ਪ੍ਰਧਾਨ ਮਨਿੰਦਰ ਸਿੰਘ ਗਿੱਲ, ਮਨਜੀਤ ਸਿੰਘ ਗਰੇਵਾਲ, ਡਾ ਗੁਰਵਿੰਦਰ ਸਿੰਘ ਧਾਲੀਵਾਲ, ਮਨਜੀਤ ਸਿੰਘ ਸੋਹੀ, ਕੁਲਵਿੰਦਰ ਸਿੰਘ ਬਾਠ, ਗੁਰਦੇਵ ਸਿੰਘ ਬਰਾੜ, ਕੈਲੀ ਚਾਹਲ ਕੌਂਸਲਰ ਤੇ ਹੋਰ ਸ਼ਾਮਿਲ ਸਨ। ਇਸ ਮੌਕੇ ਗੁਰਦੁਆਰਾ ਸਾਹਿਬ ਲਈ ਜ਼ਮੀਨ ਦਾਨ ਕਰਨ ਵਾਲੇ ਬੱਬਰ ਭਾਈ ਕਰਮ ਸਿੰਘ ਦੌਲਤਪੁਰ ਦੀ ਸੋਚ, ਕੁਰਬਾਨੀ ਅਤੇ ਸਮਰਪਿਤ ਭਾਵਨਾ ਨੂੰ ਵੀ ਯਾਦ ਕੀਤਾ ਗਿਆ। ਮੰਚ ਸੰਚਾਲਨ ਦੀ ਜਿੰਮੇਵਾਰੀ ਜਨਰਲ ਸਕੱਤਰ ਰਾਜਿੰਦਰ ਸਿੰਘ ਗਰੇਵਾਲ ਨੇ ਨਿਭਾਈ। ਆਈਆਂ ਸੰਗਤਾਂ ਦਾ ਸ ਸਤਨਾਮ ਸਿੰਘ ਗਿੱਲ ਨੇ ਧੰਨਵਾਦ ਕੀਤਾ। ਇਸ ਮੌਕੇ ਖਾਲਸਾ ਦੀਵਾਨ ਸੁਸਾਇਟੀ ਦਾ ਜਨਰਲ ਇਜਲਾਸ ਅਪ੍ਰੈਲ ਵਿਚ ਕਰਵਾਉਣ ਦਾ ਐਲਾਨ ਵੀ ਕੀਤਾ ਗਿਆ। ਜਨਰਲ ਸਕੱਤਰ ਗਰੇਵਾਲ ਨੇ ਮੈਂਬਰਾਂ ਨੂੰ ਵੱਡੀ ਗਿਣਤੀ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਉਹਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੌਜਵਾਨਾਂ ਬੱਚਿਆਂ ਨੂੰ ਗੁਰਦੁਆਰਾ ਪ੍ਰਬੰਧ ਨਾਲ ਜੁੜਨ ਲਈ ਉਤਸ਼ਾਹਿਤ ਕਰਨ ਤਾਂਕਿ ਨਵੀਂ ਪੀੜੀ ਦੇ ਸਹਿਯੋਗ ਨਾਲ ਗੁਰੂ ਘਰ ਦੇ ਪ੍ਰਬੰਧ ਨੂੰ ਹੋਰ ਸੁਚਾਰੂ ਬਣਾਇਆ ਜਾ ਸਕੇ। ਇਸ ਮੌਕੇ ਗੁਰੂ ਕੇ ਲੰਗਰ ਅਤੁਟ ਵਰਤਾਏ ਗਏ। ਇਸ ਸ਼ੁਕਰਾਨਾ ਸਮਾਗਮ ਵਿਚ ਸੰਗਤਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਤੇ ਨਵੀਂ ਕਮੇਟੀ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।










# ਗਰੇਟਵੇਅ ਫਾਇਨੈਂਸ਼ਲ ਦੇ ਕੰਵਲਜੀਤ ਮੋਤੀ ਵੱਲੋਂ ਵਧੀਆ ਕਾਰਗੁਜ਼ਾਰੀ ਵਾਲੇ ਟੀਮ ਮੈਂਬਰਾਂ ਦਾ ਸਨਮਾਨ

ਸਰੀ (ਹਰਦਮ ਮਾਨ)-ਗਰੇਟਵੇਅ ਫਾਇਨੈਂਸ਼ਲ ਕੰਪਨੀ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਕੰਵਲਜੀਤ ਮੋਤੀ ਵੱਲੋਂ ਪਿਛਲੀ ਤਿਮਾਹੀ ਦੌਰਾਨ ਬਿਹਤਰ ਕਾਰਗੁਜ਼ਾਰੀ ਦਿਖਾਉਣ ਵਾਲੇ ਟੀਮ ਮੈਂਬਰਾਂ ਨੂੰ ਉਤਸ਼ਾਹਿਤ ਕਰਨ ਹਿਤ ਕੰਪਨੀ ਦੇ ਸਰੀ ਦਫਤਰ ਵਿਚ ਵਿਸ਼ੇਸ਼ ਪਾਰਟੀ ਕੀਤੀ ਗਈ। ਇਸ ਮੌਕੇ ਉਨ੍ਹਾਂ ਸਾਰੇ ਟੀਮ ਮੈਂਬਰਾਂ ਨੂੰ ਪੌਜ਼ੇਟਿਵ ਸੋਚ ਅਪਨਾਉਣ ਲਈ ਪ੍ਰੇਰਿਤ ਕੀਤਾ ਅਤੇ ਜਨਵਰੀ 2023 ਤੋਂ ਕੰਪਨੀ ਵੱਲੋਂ ਕੀਤੀਆਂ ਗਈਆਂ ਅਹਿਮ ਤਬਦੀਲੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਆਪਣੇ ਟੀਮ ਮੈਂਬਰਾਂ ਨੂੰ ਕੰਪਨੀ ਵੱਲੋਂ ਹੋਣ ਵਾਲੀਆਂ ਸਾਰੀਆਂ ਮੀਟਿੰਗਾਂ ਅਤੇ ਟਰੇਨਿੰਗਾਂ ਵਿਚ ਆਪਣੀ ਹਾਜਰੀ ਯਕੀਨੀ ਬਣਾਉਣ ਲਈ ਕਿਹਾ। ਇਸ ਮੌਕੇ



ਵਿਸ਼ੇਸ਼ ਇਨਾਮ ਹਾਸਲ ਕਰਨ ਵਾਲਿਆਂ ਵਿਚ ਹਰਮਿੰਦਰ ਗੀਹਲ, ਮਨਦੀਪ ਖੁਰਾਣਾ, ਸੁਖਦੇਵ ਸ਼ਰਮਾ, ਚਾਂਦਨੀ ਮੋਤੀ, ਰੰਜਨਾ ਢਿੱਲੋਂ, ਅਰਾਧਨਾ, ਵਿਨੇ ਸ਼ਰਮਾ ਅਤੇ ਦਵਿੰਦਰ ਕਾਲੀਆ ਸ਼ਾਮਲ ਸਨ।

## ਤੰਬੜ ਪਰਿਵਾਰ ਨੂੰ ਸਦਮਾ-ਬੀਬੀ ਜਗੀਰ ਕੌਰ ਤੰਬੜ ਦਾ ਦੇਹਾਂਤ

ਸਰੀ -ਦੁਖਦਾਈ ਖਬਰ ਹੈ ਕਿ ਤੰਬੜ ਪਰਿਵਾਰ ਦੀ ਬੀਬੀ ਜਗੀਰ ਕੌਰ ਤੰਬੜ ਜਿਨ੍ਹਾ ਦਾ ਪਿਛਲਾ ਪਿੰਡ ਰਾਮਪੁਰ ਸੈਣੀਆਂ ਜਿਲ੍ਹਾ ਹੁਸ਼ਿਆਰਪੁਰ ਹੈ, ਪ੍ਰਮਾਤਮਾ ਵਲੋ ਦਿੱਤੀ ਸਵਾਸਾਂ ਦੀ ਪੂੰਜੀ ਭੋਗ ਕੇ ਮਿਤੀ 19 ਮਾਰਚ ਨੂੰ ਪ੍ਰਮਾਤਮਾ ਦੇ ਚਰਨਾ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਮਿਤੀ 31 ਮਾਰਚ ਨੂੰ ਦੁਪਿਹਰ 1 ਵਜੇ ਫਾਈਵ ਰਿਵਰ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ 8115 132 ਸਟਰੀਟ ਸਰੀ ਵਿਖੇ ਹੋਵੇਗੀ। ਗੁਰੂ ਦੇ ਭਾਣੇ ਵਿਚ ਹਰਭਜਨ ਸਿੰਘ ਤੰਬੜ ਅਤੇ ਸਮੂਹ ਪਰਿਵਾਰ। ਫੋਨ ਨੰਬਰ 604 321 2240, 604 716 2240.



## ਬੀਸੀ ਵਲੋਂ ਭਾਰ ਘਟਾਉਣ ਦੇ ਚਰਚਿਆਂ ਵਾਲੀ ਸ਼ੂਗਰ ਦੀ ਦਵਾਈ ਓਜ਼ੈਂਪਿਕ ਤਕ ਪਹੁੰਚ ਲਈ ਯੋਜਨਾ ਦਾ ਐਲਾਨ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੇ ਸਿਹਤ ਮੰਤਰੀ ਨੇ ਇਨ੍ਹਾਂ ਯੋਜਨਾਵਾਂ ਦਾ ਐਲਾਨ ਕੀਤਾ ਕਿ ਕਿਵੇਂ ਸਰਕਾਰ ਸ਼ੂਗਰ ਨੂੰ ਕੰਟਰੋਲ ਕਰਨ ਅਤੇ ਭਾਰ ਘਟਾਉਣ ਵਾਲੀ ਦਵਾਈ ਓਜ਼ੇਂਪਿਕ ਤਕ ਮਰੀਜ਼ਾਂ ਦੀ ਸੁਰੱਖਿਅਤ ਪਹੁੰਚ ਨੂੰ ਯਕੀਨੀ ਬਣਾਵੇਗੀ। ਐਡਰੀਅਨ ਡਿਕਸ ਨੇ ਜਨਵਰੀ ਵਿਚ ਕਿਹਾ ਸੀ ਕਿ ਸਰਕਾਰ ਇਸ ਗੱਲ ਦੀ ਜਾਂਚ ਕਰੇਗੀ ਕਿ ਬੀਸੀ ਵਿਚ ਦਵਾਈ ਦਾ ਲਗਪਗ 10 ਫ਼ੀਸਦੀ ਹਿੱਸਾ ਅਮਰੀਕੀ ਨਾਗਰਿਕਾਂ ਨੂੰ ਕਿਵੇਂ ਦਿੱਤਾ ਜਾ ਰਿਹਾ ਹੈ। ਡਿਕਸ ਨੇ ਉਸ ਸਮੇਂ ਕਿਹਾ ਸੀ ਕਿ ਸ਼ੂਗਰ ਦੀ ਦਵਾਈ ਦੀ ਨਾਟਕੀ ਢੰਗ ਨਾਲ ਮੰਗ ਇਸ ਕਰਕੇ ਵਧੀ ਹੈ ਕਿਉਂਕਿ ਸੋਸ਼ਲ ਮੀਡੀਆ ਇਨਫਲੂਐਂਸਰਾਂ ਨੇ ਕਿਹਾ ਕਿ ਇਸ ਨਾਲ ਭਾਰ ਘਟਾਉਣ ਦੇ ਲਾਭ ਮਿਲਦੇ ਹਨ। ਅਮਰੀਕਾ ਵਿਚ ਕਈ ਸੈਲੀਬਰਿਟੀਜ਼ ਡਰੱਗ ਦਾ ਪ੍ਰਚਾਰ ਕਰ ਰਹੀਆਂ ਹਨ, ਭਾਵੇਂ ਇਸ ਨੂੰ ਭਾਰ ਘਟਾਉਣ ਵਾਲੀ ਦਵਾਈ ਵਜੋਂ ਪ੍ਰਵਾਨਗੀ ਨਹੀਂ ਦਿੱਤੀ ਪਰ ਮੰਗ ਵਧਣ ਕਾਰਨ ਦਵਾਈ ਦੀ ਘਾਟ ਪੈਦਾ ਹੋ ਗਈ।

## ਗ੍ਰਿਫ਼ਤਾਰੀ ਦੀ ਕੋਸ਼ਿਸ਼ ਦੌਰਾਨ ਪੁਲਿਸ ਅਫਸਰ ਦੀ ਚਾਕੂ ਮਾਰ ਕੇ ਹੱਤਿਆ

ਲੁਈਸੇਵਿਲ-ਕਿਊਬਕ ਵਿਚ ਇਕ ਪੁਲਿਸ ਅਫਸਰ ਦੀ ਇਕ ਸ਼ੱਕੀ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਦੌਰਾਨ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਅਫਸਰ ਦੀ ਹੱਤਿਆ ਕਰਨ ਵਾਲੇ ਸ਼ੱਕੀ ਵਿਅਕਤੀ ਨੂੰ ਮਨੋਵਿਗਿਆਨਕ ਦੇਖਭਾਲ ਤੋਂ ਛੁੱਟੀ ਦਿੱਤੀ ਗਈ ਸੀ ਜਿਥੇ ਉਸ ਦਾ ਬੀਤੇ ਸਮੇਂ ਦੀਆਂ ਹਿੰਸਕ ਘਟਨਾਵਾਂ ਲਈ ਇਲਾਜ ਕੀਤਾ ਗਿਆ ਸੀ ਜਿਨ੍ਹਾਂ ਲਈ ਉਹ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ ਨਹੀਂ ਸੀ ਪਾਇਆ ਗਿਆ। ਮਾਂਟਰੀਅਲ ਤੋਂ 110 ਕਿਲੋਮੀਟਰ ਦੂਰ ਲੁਈਸਵਿਲੇ ਕਸਬੇ ਵਿਚ ਧਮਕੀਆਂ ਦੇ ਰਹੇ ਵਿਅਕਤੀ ਨੇ ਉਸ ਸਮੇਂ ਸਾਰਜੈਂਟ ਬਰੂ ਦੇ ਜਾਨਲੇਵਾ ਚਾਕੂ ਮਾਰ ਦਿੱਤਾ ਜਦੋਂ ਉਸ ਨੇ ਅਤੇ ਉਸ ਦੇ ਇਕ ਸਾਥੀ ਨੇ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ। ਸ਼ੱਕੀ ਨੂੰ ਬਾਅਦ ਵਿਚ ਦੂਸਰੇ ਪੁਲਿਸ ਅਫਸਰਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ। ਲੁਈਸਵਿਲੇ ਦੇ ਮੇਅਰ ਯਵੋਨ ਦੇਸ਼ਾਈਸ ਜਿਸ ਨੇ ਪੁਲਿਸ ਨਾਲ ਗੱਲਬਾਤ ਕੀਤੀ ਨੇ ਸ਼ੱਕੀ ਦੀ ਪਛਾਣ ਇਸਾਕ ਬਰੂਇਲਾਰਡ ਵਜੋਂ ਕੀਤੀ ਜਿਹੜਾ ਚਾਰ ਮਹੀਨੇ ਪਹਿਲਾਂ ਕਸਬੇ ਵਿਚ ਆਇਆ ਸੀ। ਅਦਾਲਤ ਦੇ ਰਿਕਾਰਡ ਤੋਂ ਪਤਾ ਲਗਦਾ ਹੈ ਕਿ 35 ਸਾਲਾ ਬਰੂਇਲਾਰਡ 'ਤੇ ਪਿਛਲੇ ਸਮੇਂ ਦੌਰਾਨ ਹਮਲੇ ਕਰਨ ਤੇ ਧਮਕੀਆਂ ਦੇਣ ਦੇ ਦੋਸ਼ ਲਗਾਏ ਗਏ ਸਨ। ਮਾਨਸਿਕ ਬਿਮਾਰੀ ਕਾਰਨ ਉਸ ਨੂੰ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ ਨਹੀਂ ਸੀ ਪਾਇਆ ਗਿਆ। ਉਸ ਦੀ ਸਿਹਤ ਠੀਕ ਹੋਣ ਕਾਰਨ ਦਸੰਬਰ 2019 ਵਿਚ ਉਸ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਸੀ।

## ਲਾਪਤਾ 42 ਸਾਲਾ ਔਰਤ ਦੀ ਲਾਸ਼ ਮਿਲੀ

ਸਰੀ-ਆਰਸੀਐਮਪੀ ਨੇ ਦੱਸਿਆ ਕਿ 42 ਸਾਲਾ ਲਾਪਤਾ ਔਰਤ ਦੀ ਡੈਲਟਾ ਵਿਚ ਲਾਸ਼ ਮਿਲੀ ਹੈ। ਉਸ ਦੀ ਮੌਤ ਵਿਚ ਕਿਸੇ ਅਪਰਾਧਿਕ ਘਟਨਾ ਵਾਲੀ ਕੋਈ ਗੱਲ ਨਹੀਂ ਲਗਦੀ। ਨਿੱਜਤਾ ਕਾਰਨ ਔਰਤ ਦਾ ਨਾਂ ਨਹੀਂ ਦੱਸਿਆ ਗਿਆ। ਇਸ ਤੋਂ ਪਹਿਲਾਂ ਉਸ ਨੂੰ ਲੱਭਣ ਲਈ ਪੁਲਿਸ ਲੋਕਾਂ ਦੀ ਮਦਦ ਮੰਗ ਰਹੀ ਸੀ। ਉਸ ਨੂੰ ਆਖਰੀ ਵਾਰ 11 ਫਰਵਰੀ 2023 ਨੂੰ 123ਬੀ ਸਟਰੀਟ ਦੇ 7000 ਬਲਾਕ ਵਿਚ ਰਾਤ 11 ਵਜੇ ਉਸ ਦੇ ਪਰਿਵਾਰ ਨੇ ਦੇਖਿਆ ਸੀ। ਡੈਲਟਾ ਪੁਲਿਸ ਨੂੰ ਉਸ ਦੀ ਕਾਰ 2006 ਨਿਸ਼ਾਨ ਪਾਥਫਾਈਂਡਰ ਅਲੈਕਸ ਫ੍ਰੇਜ਼ਰ ਬਰਿਜ 'ਤੇ ਉੱਤਰ ਵਾਲੇ ਪਾਸੇ ਨੂੰ ਜਾਣ ਵਾਲੀ ਲੇਨ ਤੋਂ ਲਾਵਾਰਸ ਬਰਾਮਦ ਕੀਤੀ ਸੀ।



# ਜੇ ਅੰਮ੍ਰਿਤਪਾਲ ਸਿੰਘ ਆਤਮ ਸਮਰਪਣ ਕਰਦਾ ਹੈ ਤਾਂ ਕੋਈ ਪੁਲਿਸ ਤਸ਼ੱਦਦ ਨਹੀਂ ਹੋਵੇਗਾ-ਭਗਵੰਤ ਮਾਨ

ਜਲੰਧਰ-'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਅਕਾਲ ਤਖ਼ਤ 'ਚ ਸ਼ਰਨ ਲੈਣ ਅਤੇ ਆਤਮ ਸਮਰਪਣ ਕਰਨ ਦੀਆਂ ਸੰਭਾਵਨਾਵਾਂ ਬਾਰੇ ਖ਼ਬਰਾਂ ਸਾਹਮਣੇ ਆਉਣ ਤੋਂ ਇੱਕ ਦਿਨ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਸੂਬੇ ਦੀ ਪੁਲੀਸ ਇਸ ਲਈ ਤਿਆਰ ਹੈ ਅਤੇ ਸਾਰੀ ਕਾਰਵਾਈ ਕਾਨੂੰਨ ਅਨੁਸਾਰ ਕੀਤੀ ਜਾਵੇਗੀ। ਮੁੱਖ ਮੰਤਰੀ ਇੱਥੇ ਰਾਮਨੌਮੀ ਮੌਕੇ ਸਜਾਈ ਗਈ ਸ਼ੋਭਾ ਯਾਤਰਾ ਨੂੰ ਝੰਡੀ ਦਿਖਾਉਣ ਲਈ ਪਹੁੰਚੇ ਹੋਏ ਸਨ। ਉਨ੍ਹਾਂ ਨਾਲ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਵਜਾ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਰਾਜਿੰਦਰ ਕੌਰ ਭੱਠਲ, ਪਵਨ ਕੁਮਾਰ ਟੀਨੂੰ ਤੋਂ ਇਲਾਵਾ ਕਈ ਭਾਜਪਾ ਆਗੂ ਵੀ ਸਨ। ਉਨ੍ਹਾਂ ਕਿਹਾ, 'ਅਸੀਂ ਉਸ (ਅੰਮ੍ਰਿਤਪਾਲ) ਨੂੰ ਭਰੋਸਾ ਦਿੰਦੇ ਹਾਂ ਕਿ ਉਸ 'ਤੇ ਕੋਈ ਤਸ਼ੱਦਦ ਨਹੀਂ ਕੀਤਾ ਜਾਵੇਗਾ। ਪੁਲੀਸ ਆਪਣੀ ਕਾਨੂੰਨੀ ਹੱਦ ਤੋਂ ਬਾਹਰ ਨਹੀਂ ਜਾਵੇਗੀ।' ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ 18 ਮਈ ਤੋਂ ਫਰਾਰ ਹੈ ਅਤੇ ਉਸ ਨੂੰ ਫੜਨ ਲਈ ਪੰਜਾਬ ਪੁਲੀਸ ਵੱਲੋਂ ਵੱਡੇ ਪੱਧਰ 'ਤੇ ਮੁਹਿਮ ਚਲਾਈ ਜਾ



ਰਹੀ ਹੈ। ਅੰਮ੍ਰਿਤਪਾਲ ਦੇ ਦੂਜੀ ਵਾਰ ਪੰਜਾਬ ਪੁਲੀਸ ਦੇ ਹੱਥ ਨਾ ਆਉਣ ਦੇ ਸਵਾਲ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਟੀਮਾਂ ਉਸ ਦੇ ਬਹੁਤ ਨੇੜੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਮੁੱਖ ਮੰਤਰੀ ਨੂੰ ਅਕਾਲ ਤਖ਼ਤ ਤੋਂ ਮੁਆਫੀ ਮੰਗਣ ਸਬੰਧੀ ਕਹੇ ਜਾਣ ਬਾਰੇ ਸਵਾਲ ਦਾ ਮੁੱਖ ਮੰਤਰੀ ਨੇ ਕੋਈ ਜਵਾਬ ਨਹੀਂ ਦਿੱਤਾ। ਮੁੱਖ ਮੰਤਰੀ ਨਾਲ ਇਸ ਮੌਕੇ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਇੰਦਰਬੀਰ ਸਿੰਘ ਨਿੱਝਰ ਵੀ ਸਨ। ਇਸ ਮਗਰੋਂ ਮੁੱਖ ਮੰਤਰੀ ਦੇਵੀ ਤਲਾਬ ਮੰਦਰ ਗਏ ਅਤੇ ਉਨ੍ਹਾਂ ਬਾਅਦ ਵਿੱਚ ਵਿਧਾਇਕਾਂ ਨਾਲ ਮੀਟਿੰਗ ਵੀ ਕੀਤੀ। ਸ਼ੋਭਾ ਯਾਤਰਾ 'ਚ ਸ਼ਾਮਲ ਹੋਣ ਪਹੁੰਚੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 13 ਦਿਨ ਬਾਅਦ ਵੀ ਅੰਮ੍ਰਿਤਪਾਲ ਦਾ ਗ੍ਰਿਫ਼ਤਾਰ ਨਾ ਹੋਣਾ ਸਰਕਾਰ ਦੀ ਨਾਕਾਮੀ ਹੈ। ਦੂਜੇ ਪਾਸੇ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕਰਨ ਲਈ ਪੰਜਾਬ ਪੁਲੀਸ ਦੀਆਂ ਖੁਫੀਆ ਟੀਮਾਂ ਪੂਰੀ ਤਰ੍ਹਾਂ ਚੌਕਸ ਰਹੀਆਂ। ਸ਼ੱਕੀ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਡਰੋਨਾਂ ਦੀ ਵੀ ਮਦਦ ਲਈ ਜਾ ਰਹੀ ਹੈ।

## ਅੰਮ੍ਰਿਤਪਾਲ ਸਿੰਘ ਦਾ ਸਾਥੀ ਜੋਗਾ ਸਿੰਘ ਪੁਲਿਸ ਵੱਲੋਂ ਗ੍ਰਿਫ਼ਤਾਰ

ਅੰਮ੍ਰਿਤਸਰ (ਲਾਂਬਾ)- ਪੰਜਾਬ ਪੁਲੀਸ ਵੱਲੋਂ 'ਵਾਰਸ ਪੰਜਾਬ ਦੀ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਨਜ਼ਦੀਕੀ ਸਾਥੀ ਜੋਗਾ ਸਿੰਘ ਨੂੰ ਹਿਰਾਸਤ 'ਚ ਲਏ ਜਾਣ ਦੀਆਂ ਖ਼ਬਰਾਂ ਹਨ। ਜੋਗਾ ਸਿੰਘ ਨੂੰ ਸਾਹਨੇਵਾਲ ਦੇ ਗੁਰਦੁਆਰਾ ਰੇਰੂ ਸਾਹਿਬ ਤੋਂ ਕਾਬੂ ਕੀਤਾ ਦੱਸਿਆ ਗਿਆ ਹੈ। ਹਾਲਾਂਕਿ ਕਿਸੇ ਵੀ ਪੁਲੀਸ ਅਧਿਕਾਰੀ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ। ਜੋਗਾ ਸਿੰਘ ਨੂੰ ਅੰਮ੍ਰਿਤਪਾਲ ਸਿੰਘ ਤੱਕ ਪਹੁੰਚਣ ਲਈ ਅਹਿਮ ਕੜੀ ਮੰਨਿਆ ਜਾ ਰਿਹਾ ਹੈ। ਜੋਗਾ ਸਿੰਘ ਦੀ ਇੱਕ ਸੀਸੀਟੀਵੀ ਵੀਡੀਓ ਵੀ ਵਾਇਰਲ ਹੋ ਰਹੀ ਹੈ, ਜਿਸ 'ਚ ਉਹ ਮੋਬਾਈਲ ਦੀ ਦੁਕਾਨ 'ਤੇ ਬੈਠਾ ਹੈ। ਪੁਲੀਸ ਉਸ ਫੁਟੇਜ ਸਮੇਤ ਉਸ ਨਾਲ ਜੁੜੀਆਂ ਹੋਰ ਚੀਜ਼ਾਂ ਆਪਣੇ ਕਬਜ਼ੇ 'ਚ ਲੈ ਰਹੀ ਹੈ, ਜਿਸ ਨਾਲ ਜਾਂਚ ਅੱਗੇ ਵਧਾਈ ਜਾ ਸਕਦੀ ਹੈ। ਸੂਤਰਾਂ ਅਨੁਸਾਰ ਜੋਗਾ ਸਿੰਘ ਪਿਛਲੇ ਕਾਫ਼ੀ ਸਮੇਂ ਤੋਂ ਅੰਮ੍ਰਿਤਪਾਲ ਸਿੰਘ ਦੇ ਸੰਪਰਕ 'ਚ ਸੀ। ਉਹ ਅਕਸਰ ਹੀ ਅੰਮ੍ਰਿਤਪਾਲ ਨਾਲ ਘੁੰਮਦਾ ਸੀ। ਜੋਗਾ ਸਿੰਘ 10 ਸਾਲ ਤੱਕ ਸਾਹਨੇਵਾਲ ਇਲਾਕੇ ਦੇ ਇੱਕ ਗੁਰਦੁਆਰੇ 'ਚ ਸੇਵਾ ਕਰਦਾ ਰਿਹਾ ਹੈ। ਕੁਝ ਵਿਵਾਦ ਕਾਰਨ ਜੋਗਾ ਸਿੰਘ ਨੂੰ ਉਥੋਂ ਕੱਢ ਦਿੱਤਾ ਗਿਆ ਸੀ। ਮਗਰੋਂ ਉਹ ਲੁਧਿਆਣਾ ਤੇ ਬਾਅਦ ਵਿੱਚ ਉੱਤਰ ਪ੍ਰਦੇਸ਼ ਦੇ ਪੀਲੀਭੀਤ 'ਚ ਸਥਿਤ ਗੁਰਦੁਆਰੇ 'ਚ ਸੇਵਾ ਕਰਨ ਚਲਾ ਗਿਆ। ਕੁਝ ਸਮਾਂ ਬਾਅਦ ਉਹ ਅੰਮ੍ਰਿਤਪਾਲ ਦੇ ਸੰਪਰਕ 'ਚ ਆਇਆ। ਸੂਤਰਾਂ ਅਨੁਸਾਰ ਜਿਸ ਦਿਨ ਪੰਜਾਬ ਪੁਲੀਸ ਨੇ ਅੰਮ੍ਰਿਤਪਾਲ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਉਸ ਦਿਨ ਜੋਗਾ ਸਿੰਘ ਵੀ ਅੰਮ੍ਰਿਤਪਾਲ ਦੇ ਨਾਲ ਹੀ ਸੀ। ਅੰਮ੍ਰਿਤਪਾਲ ਨੇ ਜੋਗਾ ਸਿੰਘ ਦੇ ਫੋਨ ਤੋਂ ਕਈ ਲੋਕਾਂ ਨਾਲ ਗੱਲਬਾਤ ਵੀ ਕੀਤੀ ਸੀ। ਉਸ ਤੋਂ ਬਾਅਦ ਅੰਮ੍ਰਿਤਪਾਲ ਨੇ ਆਪਣਾ ਫੋਨ ਦੇ ਕੇ ਜੋਗਾ ਸਿੰਘ ਨੂੰ ਇੱਕ ਪਾਸੇ ਭਜਾ ਦਿੱਤਾ ਤੇ ਖੁਦ ਵੱਖਰੀ ਦਿਸ਼ਾ 'ਚ ਨਿਕਲ ਗਿਆ ਤਾਂ ਜੋ ਉਸ ਦੀ ਸਹੀ ਲੋਕੇਸ਼ਨ ਕਿਸੇ ਨੂੰ ਵੀ ਪਤਾ ਨਾ ਲੱਗ ਸਕੇ। ਜਾਣਕਾਰੀ ਅਨੁਸਾਰ ਪੁਲੀਸ ਨੂੰ ਸੂਚਨਾ ਮਿਲੀ ਸੀ ਕਿ ਜੋਗਾ ਸਿੰਘ ਗੁਰਦੁਆਰਾ ਰੇਰੂ ਸਾਹਿਬ ਨੇੜੇ ਹੀ ਹੈ। ਇਸ ਸੂਚਨਾ ਦੇ ਆਧਾਰ 'ਤੇ ਪੁਲੀਸ ਨੇ ਕਾਰਵਾਈ ਕਰਦਿਆਂ ਉਸ ਨੂੰ ਕਾਬੂ ਕਰ ਲਿਆ। ਪੁਲੀਸ ਲਗਾਤਾਰ ਸਾਹਨੇਵਾਲ ਇਲਾਕੇ 'ਚ ਜਾਂਚ ਕਰਨ ਲੱਗੀ ਹੋਈ ਹੈ। ਪੁਲੀਸ ਨੇ ਕਈ ਥਾਵਾਂ ਤੋਂ ਸੀਸੀਟੀਵੀ ਫੁਟੇਜ ਵੀ ਕਬਜ਼ੇ 'ਚ ਲਈ ਤਾਂ ਜੋ ਜੋਗਾ ਸਿੰਘ ਬਾਰੇ ਹੋਰ ਜਾਣਕਾਰੀ ਇਕੱਠੀ ਕੀਤੀ ਜਾ ਸਕੇ।

## ਭਗਵੰਤ ਮਾਨ ਸਿੰਘ ਸਾਹਿਬ ਤੋਂ ਮੁਆਫੀ ਮੰਗੇ-ਧਾਮੀ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਕੀਤੀ ਟਿੱਪਣੀ ਦਾ ਸਖ਼ਤ ਨੋਟਿਸ ਲਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਦੀ ਟਿੱਪਣੀ ਨੂੰ ਅਕਾਲ ਤਖ਼ਤ ਦੀ ਮਾਣ ਮਰਿਆਦਾ ਅਤੇ ਸਿੱਖ ਕੌਮ ਨੂੰ ਸਿੱਧੀ ਚੁਣੌਤੀ ਕਰਾਰ ਦਿੱਤਾ ਹੈ। ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਮਗਰੋਂ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਗਲਤੀ ਲਈ ਮੁੱਖ ਮੰਤਰੀ ਨੂੰ ਸਿੱਖ ਕੌਮ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਜਥੇਦਾਰ ਖ਼ਿਲਾਫ਼ ਜੋ ਭਾਸ਼ਾ ਵਰਤੀ ਹੈ ਉਸ ਨਾਲ ਸਿੱਖ ਕੌਮ ਦੇ ਮਨਾਂ ਨੂੰ ਠੇਸ ਪਹੁੰਚੀ ਹੈ ਜਿਸ ਨੂੰ ਕੌਮ ਬਰਦਾਸ਼ਤ



ਨਹੀਂ ਕਰੇਗੀ। ਉਨ੍ਹਾਂ ਅੰਮ੍ਰਿਤਪਾਲ ਸਿੰਘ ਬਾਰੇ ਸਟੈਂਡ ਸਬੰਧੀ ਕਿਹਾ ਕਿ ਜੋ ਪੱਖ ਜਥੇਦਾਰ ਅਕਾਲ ਤਖ਼ਤ ਦਾ ਹੈ, ਉਹੀ ਪੱਖ ਸ਼੍ਰੋਮਣੀ ਕਮੇਟੀ ਦਾ ਹੈ। ਇਸ ਦੌਰਾਨ ਸ੍ਰੀ ਧਾਮੀ ਨੇ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੀਆਂ ਟਵਿੱਟਰ ਪੋਸਟਾਂ ਨੂੰ ਭਾਰਤ ਅੰਦਰ ਰੋਕੇ ਜਾਣ ਦੀ ਵੀ ਨਿਖੇਧੀ ਕੀਤੀ। ਐਡਵੋਕੇਟ ਧਾਮੀ ਨੇ ਦੋਸ਼ ਲਾਇਆ ਕਿ ਸੋਸ਼ਲ ਮੀਡੀਆ 'ਤੇ ਸਿੱਖਾਂ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ ਅਤੇ ਦੁੱਖ ਦੀ ਗੱਲ ਹੈ ਕਿ ਇਸ ਵਰਤਾਰੇ ਵਿਰੁੱਧ ਸਿੱਖ ਕੌਮ ਵੱਲੋਂ ਉਠਾਈ ਜਾ ਰਹੀ ਆਵਾਜ਼ ਨੂੰ ਸਰਕਾਰਾਂ ਦਬਾਅ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨ ਸ਼੍ਰੋਮਣੀ ਕਮੇਟੀ ਦੀ ਇਕ ਟਵਿੱਟਰ ਪੋਸਟ ਨੂੰ ਭਾਰਤ ਸਰਕਾਰ ਵੱਲੋਂ ਦੇਸ਼ ਅੰਦਰ ਹਟਾਇਆ ਗਿਆ ਅਤੇ ਅੱਜ ਅਕਾਲ ਤਖ਼ਤ ਦੇ ਜਥੇਦਾਰ ਦਾ ਇਕ ਟਵੀਟ ਨਿਸ਼ਾਨੇ 'ਤੇ ਲਿਆ ਗਿਆ ਹੈ।

## ਡਿਪੋਰਟੇਸ਼ਨ ਦੇ ਹੁਕਮਾਂ ਦਾ ਸਾਹਮਣਾ ਕਰ ਰਹੇ 700 ਵਿਦਿਆਰਥੀਆਂ ਦੇ ਹੱਕ ਵਿਚ ਰੋਸ ਵਿਖਾਵਾ

ਟੋਰਾਂਟੋ (ਸੇਖਾ)-ਏਜੰਟ ਦੀ ਧੋਖਾਧੜੀ ਕਾਰਨ ਦੇਸ਼-ਨਿਕਾਲੇ ਵਾਲੇ ਹੁਕਮਾਂ ਦਾ ਸਾਹਮਣਾ ਕਰ ਰਹੇ 700 ਭਾਰਤੀ ਵਿਦਿਆਰਥੀਆਂ ਦੇ ਹੱਕ 'ਚ ਇਮੀਗਰੇਸ਼ਨ ਅਤੇ ਰਿਫਿਊਜੀ ਕੈਨੇਡਾ (ਆਈਆਰਸੀਸੀ) ਦੇ ਟੋਰਾਂਟੋ ਦਫ਼ਤਰ ਦੇ ਸਾਹਮਣੇ ਪ੍ਰਦਰਸ਼ਨ ਕੀਤਾ ਗਿਆ। ਜਗਰਾਉਂ ਨਾਲ ਸਬੰਧਤ ਮਾਂਟਰੀਅਲ ਯੂਥ ਸਟੂਡੈਂਟਸ ਆਰਗੇਨਾਈਜੇਸ਼ਨ ਦੇ ਆਗੂ ਵਰੁਣ ਖੰਨਾ ਨੇ ਹਰਿੰਦਰ ਸਿੰਘ ਮਹਿਰੋਕ, ਚਮਨਦੀਪ ਸਿੰਘ ਤੇ ਹੋਰਨਾਂ ਨਾਲ ਮਿਲ ਕੇ ਇਸ ਮੁਜ਼ਾਹਰੇ ਦੀ ਅਗਵਾਈ ਕੀਤੀ। ਜਲੰਧਰ ਪੁਲੀਸ ਨੇ ਭਾਵੇਂ ਇਸ ਮਾਮਲੇ 'ਚ ਤਿੰਨ ਜਣਿਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਇਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪਰ ਇਨ੍ਹਾਂ ਵਿਦਿਆਰਥੀਆਂ ਦੇ ਪੱਖ 'ਚ ਫ਼ੈਸਲਾ ਲੈਣ ਦੀ ਮੰਗ ਨੂੰ ਲੈ ਕੇ ਇਹ ਮੁਜ਼ਾਹਰਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਸੱਤ ਸੌ ਵਿਦਿਆਰਥੀ, ਜਿਨ੍ਹਾਂ 'ਚ ਬਹੁਗਿਣਤੀ 'ਚ ਪੰਜਾਬੀ ਹਨ, ਕਰੀਬ ਢਾਈ ਸਾਲ ਪਹਿਲਾਂ ਟੋਰਾਂਟੋ ਪੜ੍ਹਾਈ ਲਈ ਪੁੱਜੇ ਸਨ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਜਾਅਲੀ ਦਸਤਾਵੇਜ਼ ਏਜੰਟ ਨੇ ਲਾਏ ਪਰ ਇਸ ਦਾ ਖਮਿਆਜ਼ਾ ਹੁਣ ਇਹ ਵਿਦਿਆਰਥੀ ਭੁਗਤ ਰਹੇ ਹਨ। ਆਗੂਆਂ ਨੇ ਕਿਹਾ ਕਿ ਕੈਨੇਡੀਅਨ ਕਾਲਜਾਂ, ਕੈਨੇਡੀਅਨ ਬਾਰਡਰ ਸਰਵਿਸ ਏਜੰਸੀ ਤੇ ਹੋਰ ਸਰਕਾਰੀ ਅਦਾਰਿਆਂ ਨੂੰ ਵਿਦਿਆਰਥੀਆਂ ਦੇ ਕੈਨੇਡਾ 'ਚ ਦਾਖ਼ਲ ਹੋਣ ਤੋਂ ਪਹਿਲਾਂ ਪੇਪਰ ਦੇਖਣੇ ਚਾਹੀਦੇ ਸਨ। ਹੁਣ ਸਾਰਾ ਤੋੜਾ ਵਿਦਿਆਰਥੀਆਂ ਸਿਰ ਭੰਨ੍ਹਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕੈਨੇਡੀਅਨ ਸਰਕਾਰ ਨੂੰ ਧੋਖਾਧੜੀ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਨੂੰ ਦੇਸ਼-ਨਿਕਾਲਾ ਦੇਣ ਦੀ ਬਜਾਏ ਉਨ੍ਹਾਂ ਨੂੰ ਜ਼ਿੰਦਗੀ 'ਚ ਅੱਗੇ ਵੱਧਣ 'ਚ ਸਹਿਯੋਗ ਕਰਨਾ ਚਾਹੀਦਾ ਹੈ। ਇਸ ਸਮੇਂ ਰਵਿੰਦਰ ਔਲਖ, ਮਨਪ੍ਰੀਤ ਕੌਰ, ਰਮਨਜੋਤ ਕੌਰ, ਕਰਮਜੀਤ ਕੌਰ, ਰਣਵੀਰ ਸਿੰਘ, ਮਨਦੀਪ, ਬਲਦੇਵ ਰਹਿਪਾ, ਐਰਨ, ਜੈਜ, ਮਾਇਕਾ, ਕੁਲਦੀਪ ਬੋਪਾਰਾਏ ਤੇ ਚਰਨਜੀਤ ਸੰਧੂ ਨੇ ਵਿਦਿਆਰਥੀਆਂ ਦੇ ਹੱਕ 'ਚ ਸੰਬੋਧਨ ਕੀਤਾ।

## ਪ੍ਰਧਾਨ ਮੰਤਰੀ ਮੋਦੀ ਦੀ ਡਿਗਰੀ ਬਾਰੇ ਜਾਣਕਾਰੀ ਲਈ ਹੁਕਮ ਖਾਰਜ-ਕੇਜਰੀਵਾਲ ਨੂੰ 25 ਹਜ਼ਾਰ ਜੁਰਮਾਨਾ ਵੀ ਲਗਾਇਆ

ਅਹਿਮਦਾਬਾਦ-ਗੁਜਰਾਤ ਹਾਈ ਕੋਰਟ ਨੇ ਕੇਂਦਰੀ ਸੂਚਨਾ ਕਮਿਸ਼ਨ (ਸੀਆਈਸੀ) ਵੱਲੋਂ ਗੁਜਰਾਤ ਯੂਨੀਵਰਸਿਟੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡਿਗਰੀ ਬਾਰੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜਾਣਕਾਰੀ ਦੇਣ ਸਬੰਧੀ ਸੱਤ ਸਾਲ ਪੁਰਾਣੇ ਹੁਕਮਾਂ ਨੂੰ ਖਾਰਜ ਕਰ ਦਿੱਤਾ ਹੈ। ਗੁਜਰਾਤ ਯੂਨੀਵਰਸਿਟੀ ਦੀ ਸੀਆਈਸੀ ਹੁਕਮਾਂ ਖ਼ਿਲਾਫ਼ ਪਾਈ ਅਪੀਲ ਨੂੰ ਮਨਜ਼ੂਰ ਕਰਦਿਆਂ ਜਸਟਿਸ ਬੀਰੇਨ ਵੈਸ਼ਨਵ ਨੇ ਕੇਜਰੀਵਾਲ 'ਤੇ 25 ਹਜ਼ਾਰ ਰੁਪਏ ਜੁਰਮਾਨਾ ਠੋਕਿਆ ਹੈ ਅਤੇ ਉਨ੍ਹਾਂ ਨੂੰ ਚਾਰ ਹਫ਼ਤਿਆਂ ਦੇ ਅੰਦਰ ਇਹ ਰਕਮ ਗੁਜਰਾਤ ਪ੍ਰਦੇਸ਼ ਕਾਨੂੰਨੀ ਸੇਵਾਵਾਂ ਅਥਾਰਿਟੀ ਕੋਲ ਜਮ੍ਹਾਂ ਕਰਾਉਣ ਲਈ ਕਿਹਾ ਹੈ। ਜਸਟਿਸ ਵੈਸ਼ਨਵ ਨੇ ਕੇਜਰੀਵਾਲ ਦੇ ਵਕੀਲ ਪਰਸੀ ਕਵੀਨਾ ਵੱਲੋਂ ਹੁਕਮਾਂ 'ਤੇ ਰੋਕ ਲਾਉਣ ਦੀ ਬੇਨਤੀ ਵੀ ਨਕਾਰ ਦਿੱਤੀ। ਇਸ ਦੌਰਾਨ ਆਮ ਆਦਮੀ ਪਾਰਟੀ ਨੇ ਕਿਹਾ ਕਿ ਉਹ ਹੁਕਮਾਂ ਖ਼ਿਲਾਫ਼ ਡਿਵੀਜ਼ਨ ਬੈਂਚ 'ਚ ਅਪੀਲ ਦਾਖ਼ਲ ਕਰਨਗੇ। 'ਆਪ' ਦੇ ਗੁਜਰਾਤ 'ਚ ਕਾਨੂੰਨੀ ਸੈੱਲ ਦੇ



ਮੁਖੀ ਪ੍ਰਣਵ ਠੱਕਰ ਨੇ ਕਿਹਾ,"ਇਸ ਫ਼ੈਸਲੇ ਨਾਲ ਨਾਗਰਿਕਾਂ ਦਾ ਪ੍ਰਧਾਨ ਮੰਤਰੀ ਦੀਆਂ ਡਿਗਰੀਆਂ ਬਾਰੇ ਜਾਣਕਾਰੀ ਹਾਸਲ ਕਰਨ ਦਾ ਹੱਕ ਖ਼ਤਮ ਹੋ ਗਿਆ ਹੈ। ਅਰਵਿੰਦ ਕੇਜਰੀਵਾਲ 'ਤੇ ਲਾਏ ਗਏ ਜੁਰਮਾਨੇ ਨੇ ਵੀ ਸਾਨੂੰ ਹੈਰਾਨ ਕਰ ਦਿੱਤਾ ਹੈ। ਅਸੀਂ ਇਸ ਫ਼ੈਸਲੇ ਨਾਲ ਸੰਤੁਸ਼ਟ ਨਹੀਂ ਹਾਂ, ਇਸ ਲਈ ਅਸੀਂ ਛੇਤੀ ਹੀ ਇਸ ਫ਼ੈਸਲੇ ਖ਼ਿਲਾਫ਼ ਡਿਵੀਜ਼ਨ ਬੈਂਚ ਕੋਲ ਪਹੁੰਚ ਕਰਾਂਗੇ।"ਅਪਰੈਲ 2016 'ਚ ਤਤਕਾਲੀ ਸੀਆਈਸੀ ਐੱਮ ਸ੍ਰੀਧਰ ਅਚਾਰਯੁਲੂ ਨੇ ਦਿੱਲੀ ਯੂਨੀਵਰਸਿਟੀ ਅਤੇ ਗੁਜਰਾਤ ਯੂਨੀਵਰਸਿਟੀ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਮੋਦੀ ਨੂੰ ਮਿਲੀਆਂ ਡਿਗਰੀਆਂ ਬਾਰੇ ਕੇਜਰੀਵਾਲ ਨੂੰ ਜਾਣਕਾਰੀ ਮੁਹੱਈਆ ਕਰਾਉਣ। ਯੂਨੀਵਰਸਿਟੀ ਵੱਲੋਂ ਹੁਕਮਾਂ ਖ਼ਿਲਾਫ਼ ਪਹੁੰਚ ਕਰਨ 'ਤੇ ਗੁਜਰਾਤ ਹਾਈ ਕੋਰਟ ਨੇ ਤਿੰਨ ਮਹੀਨਿਆਂ ਬਾਅਦ ਸੀਆਈਸੀ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਸੀ। ਕੇਜਰੀਵਾਲ ਨੇ ਅਚਾਰਯੁਲੂ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਜੇਕਰ ਉਨ੍ਹਾਂ ਦੇ ਸਰਕਾਰੀ ਰਿਕਾਰਡ ਨੂੰ ਜਨਤਕ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਉਨ੍ਹਾਂ ਹੈਰਾਨੀ ਜਤਾਈ ਸੀ ਕਿ ਕਮਿਸ਼ਨ ਮੋਦੀ ਦੀ ਵਿਦਿਅਕ ਯੋਗਤਾ ਬਾਰੇ ਸੂਚਨਾ ਕਿਉਂ ਛੁਪਾਉਣਾ ਚਾਹੁੰਦਾ ਹੈ।

## ਅਜੈ ਸਿੰਘ ਬੰਗਾ ਹੋਣਗੇ ਵਿਸ਼ਵ ਬੈਂਕ ਦੇ ਨਵੇਂ ਮੁਖੀ

ਵਾਸ਼ਿੰਗਟਨ-ਭਾਰਤੀ-ਅਮਰੀਕੀ ਕਾਰੋਬਾਰੀ ਅਜੈ ਬੰਗਾ ਦਾ ਵਿਸ਼ਵ ਬੈਂਕ ਦਾ ਅਗਲਾ ਪ੍ਰਧਾਨ ਬਣਨਾ ਤੈਅ ਹੈ, ਕਿਉਂਕਿ ਇਸ ਅਹੁਦੇ ਲਈ ਉਹ ਇਕੱਲੇ ਉਮੀਦਵਾਰ ਹਨ। ਵਿਸ਼ਵ ਬੈਂਕ ਦਾ ਕਾਰਜਕਾਰੀ ਨਿਰਦੇਸ਼ਕ ਬੋਰਡ ਰਸਮੀ ਤੌਰ 'ਤੇ



ਨਿਯੁਕਤ ਹੋਣ ਤੋਂ ਪਹਿਲਾਂ ਬੰਗਾ ਦੀ ਇੰਟਰਵਿਊ ਕਰੇਗਾ। ਫਰਵਰੀ ਵਿੱਚ ਰਾਸ਼ਟਰਪਤੀ ਜੋ ਬਾਇਡਨ ਨੇ ਐਲਾਨ ਕੀਤਾ ਸੀ ਕਿ ਅਮਰੀਕਾ ਸ੍ਰੀ ਬੰਗਾ ਨੂੰ ਵਿਸ਼ਵ ਬੈਂਕ ਦੀ ਅਗਵਾਈ ਕਰਨ ਲਈ ਨਾਮਜ਼ਦ ਕਰੇਗਾ। ਵਿਸ਼ਵ ਬੈਂਕ ਨੇ ਕਿਹਾ ਹੈ ਕਿ ਸੰਸਥਾ ਨੂੰ ਪ੍ਰਧਾਨ ਦੇ ਅਹੁਦੇ ਲਈ ਸ੍ਰੀ ਬੰਗਾ ਦੀ ਹੀ ਇਕਲੌਤੀ ਅਰਜ਼ੀ ਮਿਲੀ ਹੈ।

## ਰਾਘਵ ਚੱਢਾ ਤੇ ਪਰਨੀਤੀ ਚੋਪੜਾ ਦੀ ਮੰਗਣੀ ਦੇ ਚਰਚੇ



ਨਵੀਂ ਦਿੱਲੀ-ਵਿਆਹ ਦੀਆਂ ਅਫਵਾਹਾਂ ਦੇ ਬਾਵਜੂਦ ਅਦਾਕਾਰਾ ਪਰਿਨੀਤੀ ਚੋਪੜਾ ਅਤੇ ਆਮ ਆਦਮੀ ਪਾਰਟੀ ਦੇ ਨੇਤਾ ਰਾਘਵ ਚੱਢਾ ਨੂੰ ਬੁੱਧਵਾਰ ਰਾਤ ਦਿੱਲੀ ਹਵਾਈ ਅੱਡੇ 'ਤੇ ਇਕੱਠੇ ਦੇਖਿਆ ਗਿਆ। ਪੱਤਰਕਾਰਾਂ ਤੋਂ ਬਚ ਕੇ ਪਰਿਨੀਤੀ ਕਾਹਲੀ ਨਾਲ ਕਾਰ ਵਿਚ ਬੈਠ ਗਈ। ਉਸ ਨੇ ਕਾਲੀ ਡਰੈੱਸ ਪਹਿਨੀ ਸੀ। ਰਾਘਵ ਵੀ ਉਸ ਦੇ ਨਾਲ ਜਾ ਰਿਹਾ ਸੀ ਅਤੇ ਉਹ ਵੀ ਕਾਹਲੀ ਨਾਲ ਕਾਰ 'ਚ ਬੈਠ ਗਿਆ। ਖ਼ਬਰਾਂ ਦੀ ਮੰਨੀਏ ਤਾਂ ਪਰਿਨੀਤੀ ਅਤੇ ਰਾਘਵ ਲੰਡਨ ਸਕੂਲ ਆਫ ਇਕਨਾਮਿਕਸ 'ਚ ਇਕੱਠੇ ਪੜ੍ਹਦੇ ਸਨ ਅਤੇ ਲੰਬੇ ਸਮੇਂ ਤੋਂ ਦੋਸਤ ਹਨ।

## ਮੁੱਖ ਮੰਤਰੀ ਭਗਵੰਤ ਮਾਨ ਦੀ ਤਸਵੀਰ ਦਾ ਮੂੰਹ ਕਾਲਾ ਕੀਤਾ

ਬੰਗਾ-ਪੰਜਾਬ ਸਟੂਡੈਂਟਸ ਯੂਨੀਅਨ ਨੇ ਖਟਕੜ ਕਲਾਂ 'ਚ ਬਣੇ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਤਸਵੀਰ ਲਾਉਣ ਦੇ ਰੋਸ ਵਿੱਚ ਪ੍ਰਦਰਸ਼ਨ ਕੀਤਾ। ਇਸ ਦੌਰਾਨ ਉਨ੍ਹਾਂ ਮੁੱਖ ਮੰਤਰੀ ਦੀਆਂ ਤਸਵੀਰ 'ਤੇ ਕਾਲਖ ਮਲ ਦਿੱਤੀ। ਪੀਐੱਸਯੂ ਦੇ ਸੂਬਾ ਪ੍ਰੈੱਸ ਸਕੱਤਰ ਮੰਗਲਜੀਤ ਪੰਡੋਰੀ ਤੇ ਸੂਬਾ ਵਿੱਤ ਸਕੱਤਰ ਬਲਜੀਤ ਸਿੰਘ ਧਰਮਕੋਟ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਵੋਟਾਂ ਲੈ ਕੇ ਸਰਕਾਰ ਬਣਾਉਣ ਵਾਲੀ 'ਆਪ' ਨੇ ਖਟਕੜ ਕਲਾਂ ਦੇ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਤੇ ਉਸ ਦੇ ਪਰਿਵਾਰ ਦੀਆਂ ਤਸਵੀਰਾਂ ਹਟਾ ਕੇ ਗ਼ਲਤ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਾ ਕੇ ਵੋਟਾਂ ਲਈਆਂ ਤੇ ਦੂਜੇ ਪਾਸੇ ਸ਼ਹੀਦਾਂ ਦੇ ਨਾਂ ਹੀ ਮਿਟਾ ਦਿੱਤੇ ਗਏ। ਉਨ੍ਹਾਂ ਕਿਹਾ ਕਿ ਯੂਨੀਅਨ ਮੰਗ ਕਰਦੀ ਹੈ ਕਿ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਤੇ ਪਰਿਵਾਰ ਦੀਆਂ ਹਟਾਈਆਂ ਤਸਵੀਰਾਂ ਮੁੜ ਲਗਾਈਆਂ ਜਾਣ, ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਫਿਰੋਜ਼ਪੁਰ ਦੇ ਤੂੜੀ ਬਾਜ਼ਾਰ 'ਚ ਗੁਪਤ ਟਿਕਾਣੇ 'ਤੇ ਮਿਊਜ਼ੀਅਮ ਬਣਾਇਆ ਜਾਵੇ। ਹੈ।

## ਮਨੀਲਾ 'ਚ ਪੰਜਾਬੀ ਜੋੜੇ ਦਾ ਕਤਲ

ਜਲੰਧਰ-ਮਨੀਲਾ ਵਿਚ ਪੰਜਾਬ ਵਾਸੀ ਪਤੀ-ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਦੋਵਾਂ ਦੀ ਪਛਾਣ ਸੁਖਵਿੰਦਰ ਸਿੰਘ (41) ਅਤੇ ਕਿਰਨਦੀਪ ਕੌਰ (33) ਵਜੋਂ ਹੋਈ। ਇਹ ਜੋੜਾ ਗੁਰਾਇਆ ਇਲਾਕੇ ਦੇ ਰਹਿਣ ਵਾਲਾ ਸੀ। ਸੁਖਵਿੰਦਰ ਸਿੰਘ ਦੇ ਭਰਾ ਲਖਬੀਰ ਸਿੰਘ ਨੇ ਦੱਸਿਆ ਕਿ ਸੀਸੀਟੀਵੀ ਫੁਟੇਜ ਮੁਤਾਬਕ ਹਮਲਾਵਰ ਰਾਤ ਸਮੇਂ ਉਸ ਦੇ ਭਰਾ ਦੇ ਘਰ ਦਾਖਲ ਹੋਏ ਅਤੇ ਸੁਖਵਿੰਦਰ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਫਾਇਰਿੰਗ ਦੀ ਆਵਾਜ਼ ਸੁਣ ਕੇ ਕਿਰਨਦੀਪ ਆਪਣੇ ਪਤੀ ਵੱਲ ਭੱਜੀ ਤਾਂ ਹਮਲਾਵਰ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ ਅਤੇ ਉਸ ਦੀ ਵੀ ਮੌਕੇ 'ਤੇ ਹੀ ਮੌਤ ਹੋ ਗਈ। ਸੁਖਵਿੰਦਰ 19 ਸਾਲਾਂ ਤੋਂ ਮਨੀਲਾ ਵਿੱਚ ਫਾਈਨਾਂਸਰ ਸੀ। ਕਿਰਨਦੀਪ ਪੰਜ ਮਹੀਨੇ ਪਹਿਲਾਂ ਮਨੀਲਾ ਗਈ ਸੀ। ਸੁਖਵਿੰਦਰ ਗੁਰਾਇਆ ਨੇੜਲੇ ਪਿੰਡ ਮਹਿਸਮਪੁਰ ਦਾ ਰਹਿਣ ਵਾਲਾ ਸੀ।

ISSN : 1703-1370

VOICE OF THE PUNJABI COMMUNITY

DESH PARDES TIMES

ਦੇਸ ਪ੍ਰਦੇਸ ਟਾਈਮਜ਼



EDITOR / ਸੰਪਾਦਕ
ਸੁਖਵਿੰਦਰ ਸਿੰਘ ਚੋਹਲਾ
SUKHWINDER SINGH CHOHLA

MANAGING EDITOR (Hon.)
GURBHALINDER SINGH SANDHU
ASST. EDITOR (EDMONTON)
DAVINDER DEEPTI

ਸੰਪਾਦਕ ਦੀ ਕਲਮ ਤੋਂ....✍

# ਪੰਜਾਬ ਵਿਚ ਮੁੜ ਡਰ ਤੇ ਭੈਅ ਦਾ ਮਾਹੌਲ ਕਿਉਂ....

**ਸੁਖਵਿੰਦਰ ਸਿੰਘ ਚੋਹਲਾ**

ਪੰਜਾਬ ਵਿਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਦੁਆਰਾ ਕੇਂਦਰੀ ਸੁਰੱਖਿਆ ਏਜੰਸੀਆਂ ਦੀ ਸਹਾਇਤਾ ਨਾਲ ਵਾਰਿਸ ਪੰਜਾਬ ਦੇ, ਜਥੇਬੰਦੀ ਦੇ ਮੁਖੀ ਅਤੇ ਉਹਨਾਂ ਦੇ ਸਾਥੀਆਂ ਖਿਲਾਫ ਆਰੰਭੀ ਗਈ ਫੜੋ ਫੜੀ ਦੀ ਕਾਰਵਾਈ ਨਾਲ ਪੰਜਾਬ ਵਿਚ ਡਰ ਤੇ ਭੈਅ ਦੇ ਮਾਹੌਲ ਦੀ ਹਰ ਪਾਸੇ ਚਰਚਾ ਹੈ। ਭਾਵੇਂਕਿ ਸਰਕਾਰ ਵਲੋਂ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਉਹਨਾਂ ਦਾ ਮੁੱਖ ਨਿਸ਼ਾਨਾ ਪੰਜਾਬ ਵਿਚ ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਬਣਾਈ ਰੱਖਣ ਲਈ ਇਹ ਪੁਲਿਸ ਕਾਰਵਾਈ ਕੀਤੀ ਜਾ ਰਹੀ ਹੈ ਪਰ ਵਾਰਿਸ ਪੰਜਾਬ ਦੇ ਜਥੇਬੰਦੀ ਨਾਲ ਸਬੰਧਿਤ ਸਿੱਖ ਨੌਜਵਾਨਾਂ ਨੂੰ ਬੰਦੀ ਬਣਾਕੇ ਪੰਜਾਬ ਤੋ ਬਾਹਰ ਦੀਆਂ ਜੇਲਾਂ ਵਿਚ ਸੁੱਟਣਾ ਅਤੇ ਉਹਨਾਂ ਖਿਲਾਫ ਕੌਮੀ ਸੁਰੱਖਿਆ ਐਕਟ (ਐਨ ਐਸ ਏ) ਵਰਗੇ ਸਖਤ ਕਨੂੰਨ ਦੀ ਵਰਤੋਂ ਕਰਨਾ, ਹਾਕਮਾਂ ਦੇ ਇਰਾਦਿਆਂ ਨੂੰ ਜਾਹਰ ਕਰਦਾ ਹੈ। ਸੈਂਕੜੇ ਸਿੱਖ ਨੌਜਵਾਨਾਂ ਦੀ ਫੜੋ ਫੜੀ ਕਰਦਿਆਂ ਉਹਨਾਂ ਨੂੰ ਜੇਲਾਂ ਵਿਚ ਸੁੱਟਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਪੁਲਿਸ ਪੁੱਛਗਿੱਛ ਉਪਰੰਤ ਬੇਕਸੂਰ ਨੌਜਵਾਨਾਂ ਨੂੰ ਛੱਡ ਦਿੱਤਾ ਜਾਵੇਗਾ। ਇਸੇ ਦੌਰਾਨ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਜਾਂ ਭਗੌੜੇ ਹੋਣ ਬਾਰੇ ਵੀ ਭੰਬਲਭੂਸਾ ਬਣਿਆ ਹੋਇਆ ਹੈ। ਪੁਲਿਸ ਦਾ ਕਹਿਣਾ ਹੈ ਕਿ 12 ਮਾਰਚ ਨੂੰ ਪੁਲਿਸ ਕਾਰਵਾਈ ਦੌਰਾਨ ਉਹ ਬਚ ਨਿਕਲਣ ਵਿਚ ਸਫਲ ਰਿਹਾ। ਪੰਜਾਬ ਪੁਲਿਸ ਦੇ ਕੰਮਕਾਰ ਦੇ ਢੰਗ ਤੋ ਜਾਣੂ ਲੋਕ ਇਹ ਮੰਨਣ ਲਈ ਤਿਆਰ ਨਹੀ ਕਿ ਉਹ ਇਤਨੀਆਂ ਭਾਰੀ ਪੇਸ਼ਬੰਦੀਆਂ ਤੇ ਸੁਰੱਖਿਆ ਦਸਤਿਆਂ ਦੇ ਪਹਿਰੇ ਹੇਠ ਫਰਾਰ ਕਿਵੇਂ ਹੋ ਗਿਆ। ਇਸ ਦੌਰਾਨ ਪੁਲਿਸ ਵਲੋਂ ਉਸਦੇ ਫਰਾਰ ਹੋਣ ਸਬੰਧੀ ਦਾਅਵਿਆਂ ਤੇ ਉਸਦੀਆਂ ਵੀਡੀਓ ਫੁਟੇਜ ਤੇ ਤਸਵੀਰਾਂ ਜਾਰੀ ਕੀਤੇ ਜਾਣ ਦੇ ਢੰਗ ਤਰੀਕਿਆਂ ਨੇ ਵੀ ਪੁਲਿਸ ਕਾਰਵਾਈ ਨੂੰ ਹੋਰ ਸ਼ੱਕੀ ਬਣਾ ਦਿੱਤਾ ਹੈ। ਹੁਣ ਇਕ ਤਾਜਾ ਵੀਡੀਓ ਕਲਿਪ ਜਰੀਏ ਅੰਮ੍ਰਿਤਪਾਲ ਸਿੰਘ ਵਲੋਂ ਸਿੱਖ ਸੰਗਤ ਨੂੰ ਅਪੀਲ ਕਰਦਿਆਂ ਵੇਖਿਆ ਗਿਆ ਹੈ ਜਿਸ ਵਿਚ ਉਸ ਵਲੋਂ ਭਾਰੀ ਪੁਲਿਸ ਘੇਰਾ ਤੋੜਕੇ ਫਰਾਰ ਹੋਣ, ਚੜਦੀ ਕਲਾ ਵਿਚ ਹੋਣ ਤੇ ਗ੍ਰਿਫਤਾਰੀ ਨੂੰ ਅਕਾਲ ਪੁਰਖ ਦੀ ਇੱਛਾ ਕਹਿਣ ਦੇ ਨਾਲ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸਰਬਤ ਖਾਲਸਾ ਸੱਦੇ ਜਾਣ ਦੀ ਅਪੀਲ ਕਰਦਿਆਂ ਸੁਣਿਆ ਜਾ ਸਕਦਾ ਹੈ। ਪੁਲਿਸ ਕਾਰਵਾਈ ਉਪਰੰਤ ਲਾਪਤਾ ਹੋਏ ਅੰਮ੍ਰਿਤਪਾਲ ਸਿੰਘ ਦੇ ਬਾਰੇ ਹੁਣ ਤੱਕ ਕੋਈ ਖਬਰ ਸੂਹ ਨਹੀ ਸੀ ਪਰ ਇਸ ਵੀਡੀਓ ਨੇ ਭਾਵੇਂ ਉਸਦੇ ਸਲਾਮਤ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ ਪਰ ਇਸ ਵੀਡੀਓ ਦੌਰਾਨ ਉਸਦੇ ਚਿਹਰੇ ਦੇ ਹਾਵਭਾਵ ਅਤੇ ਗੱਲਬਾਤ ਦੌਰਾਨ ਆਸੇ ਪਾਸੇ ਝਾਕਣ ਦੇ ਹਾਲਾਤ ਉਸਦੀ ਸਥਿਤੀ ਨੂੰ ਹੋਰ ਵੀ ਸ਼ੱਕੀ ਬਣਾਉਂਦੇ ਹਨ।

ਚਰਚਾ ਹੈ ਕਿ ਅੰਮ੍ਰਿਤਪਾਲ ਸਿੰਘ ਪੁਲਿਸ ਦੀ ਗ੍ਰਿਫਤ ਵਿਚ ਹੀ ਹੈ ਤੇ ਤਾਜਾ ਵੀਡੀਓ ਪੁਲਿਸ ਦੀ ਨਿਗਰਾਨੀ ਹੇਠ ਹੀ ਤਿਆਰ ਕੀਤਾ ਗਿਆ ਲਗਦਾ ਹੈ। ਦੂਸਰਾ ਪੱਖ ਇਹ ਹੈ ਕਿ ਅਗਰ ਉਹ ਪੁਲਿਸ ਦੀ ਗ੍ਰਿਫਤ ਵਿਚ ਨਹੀ ਵੀ ਹੈ ਤਾਂ ਉਸਦੀ ਵੀਡੀਓ ਸ਼ਾਇਦ ਇਹ ਦੱਸਣ ਲਈ ਹੈ ਕਿ ਉਹ ਅਗਲੇ ਦਿਨਾਂ ਵਿਚ ਪੁਲਿਸ ਕੋਲ ਆਤਮ ਸਮਰਪਣ ਕਰ ਸਕਦਾ ਹੈ। ਇਸਤੋ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਉਸਨੂੰ ਆਤਮ ਸਮਰਪਣ ਕਰਨ ਦੀ ਅਪੀਲ ਕਰ ਚੁੱਕੇ ਹਨ। ਸਿੰਘ ਸਾਹਿਬ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਕੋਈ ਅਜਿਹਾ ਘਿਨਾਉਣਾ ਜੁਰਮ ਨਹੀ ਕੀਤਾ ਜਿਸ ਲਈ ਉਸਨੂੰ ਪੁਲਿਸ ਤੋ ਭੱਜਣ ਦੀ ਲੋੜ ਹੋਵੇ । ਅੰਮ੍ਰਿਤਪਾਲ ਸਿੰਘ ਦੇ ਇਸ ਸਥਿਤੀ ਵਿਚ ਪੁੱਜਣ ਲਈ ਉਸ ਵਲੋਂ ਧਰਮ ਪ੍ਰਚਾਰ ਦੇ ਪਰਦੇ ਹੇਠ ਵੱਖਵਾਦੀ ਲਹਿਰ ਨੂੰ ਖੜਾ ਕਰਨ, ਨੌਜਵਾਨਾਂ ਨੂੰ ਇਸ ਨਾਲ ਜੋੜਨ ਤੇ ਸਰਕਾਰਾਂ ਨੂੰ ਸ਼ਰੇਆਮ ਚੁਣੌਤੀਆਂ ਦੇਣ ਲਈ ਉਸਦੇ ਖਿਲਾਫ ਐਨ ਐਸ ਏ ਲਗਾਏ ਜਾਣ ਦੇ ਕਈ ਕਾਰਣ ਗਿਣਾਏ ਜਾ ਸਕਦੇ ਹਨ ਪਰ ਉਸ ਅਤੇ ਉਸਦੇ ਸਾਥੀਆਂ ਖਿਲਾਫ ਕਾਰਵਾਈ ਦਾ ਜੋ ਢੰਗ ਤਰੀਕਾ ਅਪਣਾਇਆ ਗਿਆ ਹੈ, ਉਹ ਪੰਜਾਬ ਵਿਚ ਡਰ ਤੇ ਭੈਅ ਦਾ ਮਾਹੌਲ ਪੈਦਾ ਕਰਨ ਦੇ ਨਾਲ ਦੇਸ਼ ਭਰ ਵਿਚ ਸਿੱਖਾਂ ਨੂੰ ਬਦਨਾਮ ਕਰਨ ਵਾਲਾ ਹੈ। ਭਗਵੰਤ ਮਾਨ ਸਰਕਾਰ ਦੀ ਇਸ ਕਾਰਵਾਈ ਉਪਰ ਆਪ ਸੁਪਰੀਮੋ ਕੇਜਰੀਵਾਲ ਵਲੋ ਇਹ ਪ੍ਰਚਾਰਨਾ ਕਿ ਭਗਵੰਤ ਮਾਨ ਸਰਕਾਰ ਨੇ ਬਿਨਾਂ ਇਕ ਗੋਲੀ ਚਲਾਏ ਪੰਜਾਬ ਵਿਚ ਸ਼ਾਂਤੀ ਸਥਾਪਿਤ ਕਰ ਦਿੱਤੀ ਹੈ, ਹਾਕਮੀ ਮਨਸ਼ਾ ਨੂੰ ਜਾਹਰ ਕਰਦਾ ਹੈ। ਸਮਝਣ ਦਾ ਲੋੜ ਹੈ ਕਿ ਕਿਵੇਂ ਆਮ ਆਦਮੀ ਪਾਰਟੀ ਵੀ ਭਾਜਪਾ ਦੇ ਮੁਕਾਬਲੇ ਭਾਰਤ ਭਰ ਵਿਚ ਇਕ ਭਾਈਚਾਰੇ ਨੂੰ ਨਿਸ਼ਾਨਾ ਬਣਾਕੇ ਖੁਦ ਨੂੰ ਵੱਡੇ ਰਾਸ਼ਟਰਵਾਦੀ ਹੋਣ ਦਾ ਪ੍ਰਚਾਰ ਕਰਨ ਵਿਚ ਰੁਝੀ ਹੋਈ ਹੈ। ਪੰਜਾਬ ਵਿਚ ਸਿੱਖ ਨੌਜਵਾਨਾਂ ਖਿਲਾਫ ਕਾਰਵਾਈ ਉਪਰ ਮੁੱਖ ਮੰਤਰੀ ਭਗਵੰਤ ਮਾਨ ਦਾ ਹਿੰਦੀ ਵਿਚ ਸਪੱਸ਼ਟੀਕਰਣ ਪੰਜਾਬੀਆਂ ਲਈ ਨਹੀ ਬਲਕਿ ਪੂਰੇ ਭਾਰਤ ਵਾਸੀਆਂ ਤੱਕ ਆਪਣੀ ਗੱਲ ਪਹੁੰਚਾਉਣ ਦੇ ਯਤਨ ਵਜੋ ਹੀ ਹੈ। ਅੰਮ੍ਰਿਤਪਾਲ ਸਿੰਘ ਵਲੋਂ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਗੁਰੂ ਘਰਾਂ ਚੋ ਪਈਆਂ ਕੁਰਸੀਆਂ ਤੋੜਨ ਤੋ ਲੈਕੇ ਅਜਨਾਲਾ ਥਾਣਾ ਤੇ ਧਾਵਾ ਤੇ ਫਿਰ ਹੁਣ ਪੁਲਿਸ ਘੇਰਾਬੰਦੀ ਚੋ ਫਰਾਰ ਹੋਣ ਦੀਆਂ ਘਟਨਾਵਾਂ ਨੇ ਜਿਥੇ ਉਸਦੇ ਇਕ ਆਗੂ ਵਜੋਂ ਪਰਪੱਕ ਹੋਣ ਉਪਰ ਸਵਾਲੀਆ ਚਿੰਨ ਲਗਾਏ ਹਨ, ਉਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਸ ਵਰਤਾਰੇ ਨਾਲ ਨਿਪਟਣ, ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸਿਆਸੀ ਤਾਅਨੇ ਮਾਰਨ ਅਤੇ ਰਾਸ਼ਟਰਵਾਦ ਪ੍ਰਤੀ ਹੇਜ਼ ਨੇ ਉਸਦੀ ਸੋਚ ਦਾ ਪੇਤਲਾਪਣ ਵੀ ਜੱਗ ਜਾਹਰ ਕਰ ਦਿੱਤਾ ਹੈ। ਪਿਛਲੇ ਕੁਝ ਸਮੇਂ ਤੋਂ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਵਜੋਂ ਅੰਮ੍ਰਿਤਪਾਲ ਸਿੰਘ ਦੀ ਕਿਸੇ ਵੱਡੀ ਸੰਪਰਦਾਇ ਦੇ ਮੁਖੀ ਵਾਂਗ ਦਸਤਾਰ ਬੰਦੀ, ਉਸ ਵਲੋਂ ਅੰਮ੍ਰਿਤ ਪ੍ਰਚਾਰ ਤੇ ਨਸ਼ਾ ਛੁਡਾਊ ਮੁਹਿੰਮ ਦੇ ਨਾਲ ਖਾਲਿਸਤਾਨ ਦੀ ਮੁਹਿੰਮ ਨੂੰ ਤੇਜ਼ ਕਰਨ ਦੇ ਯਤਨ ਅਤੇ ਫਿਰਕੂ ਨਫਰਤ ਨੂੰ ਬੜਾਵਾ ਦੇਣ ਵਾਲੀ ਭਾਸ਼ਣਬਾਜੀ ਕਾਰਣ ਹਾਲਾਤ ਜੋ ਵੀ ਬਣੇ ਜਾਂ ਬਣਦੇ ਨਜ਼ਰ ਆਉਂਦੇ ਹੋਣ ਪਰ ਇਹਨਾਂ ਹਾਲਤਾਂ ਨਾਲ ਨਿਪਟਣ ਲਈ ਸਰਕਾਰੀ ਪੇਸ਼ਬੰਦੀਆਂ ਦੇ ਨਾਮ ਹੇਠ ਪੂਰੇ ਸਿੱਖ ਭਾਈਚਾਰੇ ਨੂੰ ਦੇਸ਼ ਵਿਦੇਸ਼ ਵਿਚ ਬਦਨਾਮ ਕਰਨ ਅਤੇ ਉਹਨਾਂ ਦੀ ਦੇਸ਼ ਪ੍ਰਤੀ ਵਫਾਦਾਰੀ ਨੂੰ ਸ਼ੱਕੀ ਬਣਾਉਣ ਤੇ ਰਾਜਸੀ ਲਾਹਾ ਉਠਾਉਣ ਦੇ ਯਤਨਾਂ ਨੂੰ ਰਾਜਸੀ ਕਰਾਈਮ ਸਮਝਿਆ ਜਾਣਾ ਚਾਹੀਦਾ ਹੈ। ਤੇ ਇਹ ਰਾਜਸੀ ਕਰਾਈਮ ਹੁਣ ਉਹ ਪਾਰਟੀ ਕਰ ਰਹੀ ਹੈ ਜਿਸਨੂੰ ਬੜੇ ਚਾਵਾਂ ਤੇ ਉਮੀਦਾਂ ਨਾਲ ਪੰਜਾਬੀਆਂ ਨੇ ਰਾਜ ਭਾਗ ਸੌਂਪਿਆ ਹੈ।


ਤੂੰ ਰੀਝਾਂ ਦੀ ਸੂਈ ਨਾਲ ਉਕਰਿਆ ਸੀ ਜੋ ਰੁਮਾਲਾਂ ਤੇ
ਉਹਨਾਂ ਧੁੱਪਾਂ ਦਾ ਕੀ ਬਣਿਆ, ਛਾਵਾਂ ਦਾ ਕੀ ਬਣਿਆ।






VICTORIA, DUNCAN REP.
JAGMOHAN SINGH
250-701-1025


VANCOUVER REP.
SANDEEP SINGH DHANJU
778-926-9778


WINNIPEG REP.
HARKAMAL SINGH SAGGI
204-997-6144
NARESH SHARMA
204-955-8396


DESH PARDES TIMES.
(Punjabi Newspaper)
Editor/Publisher- Sukhwinder Singh
Place of Publication- Vancouver (B.C)
HEAD OFFICE ADDRESS
119B-7536-130 ST., SURREY BC V3W 1H8
Email :desvancouver@gmail.com, sschohla@gmail.com
PHONE : 778-772-1994


CALGARY REP.
KAMALJIT BUTTAR
403-708-5465


INDIA REP.
ANUPINDER SINGH
+91-95016-60036

**ATTENTION FOR READERS** Desh Pardes Times and people associated with it are not responsible for any claims made by the advertisers and do not endorse any product or services advertised in the Desh Pardes Times. Please consult your lawyer before buying/hiring/contracting through the ads. published in this newspaper. Desh Pardes Times is in the business of selling space and the claims made by the advertisements are not tested/confirmed by an independent source. The opinions expressed in the articles and columns are those of the writers, editor or any other staff member of Des Pardes Times assumes no responsibility of any kind.

# ਐਸ.ਐਫ.ਯੂ. ਦੇ ਬਰਨਬੀ ਕੈਂਪਸ ਵਿਚ ਸਥਾਪਿਤ ਮਹਾਤਮਾ ਗਾਂਧੀ ਦੇ ਬੁੱਤ ਦਾ ਸਿਰ ਲਾਹਿਆ

ਸਰੀ (ਹਰਦਮ ਮਾਨ)-ਸੋਮਵਾਰ ਰਾਤ ਨੂੰ ਸਾਈਮਨ ਫਰੇਜ਼ਰ ਯੂਨੀਵਰਸਿਟੀ ਵੈਨਕੂਵਰ ਦੇ ਬਰਨਬੀ ਕੈਂਪਸ ਵਿੱਚ ਸਥਾਪਿਤ ਮਹਾਤਮਾ ਗਾਂਧੀ ਦੇ ਕਾਂਸੀ ਦੇ ਬੁੱਤ ਨਾਲ ਛੇੜਛਾੜ ਕਰਕੇ ਕਿਸੇ ਨੇ ਬੁੱਤ ਉੱਪਰੋਂ ਸਿਰ ਵੱਖ ਕਰ ਦਿੱਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਬਰਨਬੀ ਆਰਸੀਐਮਪੀ ਦੇ ਕਾਰਪੋਰਲ ਮਾਈਕ ਕਲੰਜ ਨੇ ਦੱਸਿਆ ਹੈ ਕਿ ਸੋਮਵਾਰ ਨੂੰ ਰਾਤ 8:30 ਵਜੇ ਦੇ ਕਰੀਬ ਪੁਲਿਸ ਨੂੰ ਬੁਲਾਇਆ ਗਿਆ ਸੀ ਅਤੇ ਪੁਲਿਸ ਨੇ ਜਾ ਕੇ ਦੇਖਿਆ ਕਿ ਕਿਸੇ ਨੇ ਐਸਐਫਯੂ ਦੇ ਪੀਸ ਸਕੁਆਇਰ ਵਿੱਚ ਜਾਣਬੁੱਝ ਕੇ ਭੰਨਤੋੜ ਦੀ ਕਾਰਵਾਈ ਕੀਤੀ ਹੈ। ਪੁਲਿਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਗਵਾਹਾਂ ਅਤੇ ਨਿਗਰਾਨੀ ਵੀਡੀਓ ਦੀ ਭਾਲ ਕੀਤੀ ਜਾ ਰਹੀ ਹੈ। ਮਾਈਕ ਕਲੰਜ ਨੇ ਇੱਕ ਨਿਊਜ਼ ਰੀਲੀਜ਼ ਵਿੱਚ ਕਿਹਾ ਕਿ ਇਹ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਕਿ ਭੰਨ-ਤੋੜ ਕਦੋਂ ਹੋਈ ਪਰ ਇਹ ਮੰਨਿਆ ਜਾ ਰਿਹਾ ਹੈ ਕਿ ਇਸ ਵਿਚ ਕਿਸੇ ਪਾਵਰ ਟੂਲ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬਰਨਬੀ ਆਰਸੀਐਮਪੀ ਨੂੰ ਪਤਾ ਹੈ ਕਿ ਪਿਛਲੇ ਸਮੇਂ ਵਿੱਚ ਕੈਨੇਡਾ ਦੇ ਹੋਰਨਾਂ ਖੇਤਰਾਂ ਵਿੱਚ ਮਹਾਤਮਾ ਗਾਂਧੀ ਦੀਆਂ ਮੂਰਤੀਆਂ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ। ਪੁਲਿਸ ਇਸ ਘਟਨਾ ਦੇ ਸਾਰੇ ਪਹਿਲੂਆਂ ਨੂੰ ਦੇਖ ਰਹੀ ਹੈ। ਇਸੇ ਦੌਰਾਨ ਵੈਨਕੂਵਰ ਵਿੱਚ ਭਾਰਤੀ ਕੌਂਸਲੇਟ ਜਨਰਲ ਨੇ ਸੋਮਵਾਰ ਨੂੰ ਐਸਐਫਯੂ ਦੇ ਬਰਨਬੀ ਕੈਂਪਸ ਵਿੱਚ ਮਹਾਤਮਾ ਗਾਂਧੀ ਦੀ ਯਾਦਗਾਰ ਦੀ ਮੂਰਤੀ ਦੀਆਂ ਭੰਨਤੋੜ ਦੀਆਂ ਰਿਪੋਰਟਾਂ 'ਤੇ ਸਖ਼ਤ ਪ੍ਰਤੀਕਿਰਿਆ ਜ਼ਾਹਰ ਕੀਤੀ ਹੈ। ਕੌਂਸਲੇਟ ਜਨਰਲ ਨੇ ਇਕ ਟਵੀਟ ਰਾਹੀਂ ਕਿਹਾ ਹੈ ਕਿ ਸ਼ਾਂਤੀ ਦੇ ਹਾਮੀ ਮਹਾਤਮਾ ਗਾਂਧੀ ਦੇ ਬੁੱਤ ਨੂੰ ਤੋੜਨ ਦੇ ਘਿਨਾਉਣੇ ਅਪਰਾਧ ਦੀ ਸਖ਼ਤ ਨਿੰਦਿਆ ਕੀਤੀ ਹੈ। ਉਨ੍ਹਾਂ ਕੈਨੇਡੀਅਨ ਅਧਿਕਾਰੀਆਂ ਨੂੰ ਇਸ ਮਾਮਲੇ ਦੀ ਤੁਰੰਤ ਜਾਂਚ ਕਰਨ ਅਤੇ ਦੋਸ਼ੀਆਂ ਨੂੰ ਜਲਦੀ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੀ ਅਪੀਲ ਕੀਤੀ ਹੈ।




### ਮਾਮਲੇ ਦੀ ਪੁਲਿਸ ਵਲੋਂ ਜਾਂਚ

ਸਰੀ-ਮਹਾਤਮਾ ਗਾਂਧੀ ਦੇ ਬੁੱਤ ਦਾ ਸਿਰ ਕਲਮ ਕਰਨ ਦੇ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ। ਬਰਨਬੀ ਪੁਲਿਸ ਨੇ ਦੱਸਿਆ ਕਿ ਇਸ ਹਫ਼ਤੇ ਦੇ ਸ਼ੁਰੂ ਵਿਚ ਸਾਈਮਨ ਫ੍ਰੇਜ਼ਰ ਯੂਨੀਵਰਸਿਟੀ ਵਿਖੇ ਮਹਾਤਮਾ ਗਾਂਧੀ ਦੇ ਕਾਂਸੀ ਦੇ ਬੁੱਤ ਦਾ ਸਿਰ ਲਾਹੁਣ ਲਈ ਕਿਸੇ ਪਾਵਰ ਟੂਲ ਦੀ ਵਰਤੋਂ ਕੀਤੇ ਹੋਣ ਦੀ ਸੰਭਾਵਨਾ ਹੈ। ਕਿਸੇ ਵਿਅਕਤੀ ਨੇ 27 ਮਾਰਚ ਨੂੰ ਸ਼ਾਮ 8.30 ਵਜੇ ਡਿਟੈਚਮੈਂਟ ਨੂੰ ਮੂਰਤੀ ਦੀ ਤੋੜ ਫੋੜ ਕਰਨ ਬਾਰੇ ਜਾਣਕਾਰੀ ਦਿੱਤੀ। ਆਰਸੀਐਮਪੀ ਨੇ ਦੱਸਿਆ ਕਿ ਉਹ ਆਪਣੀ ਜਾਂਚ ਦੇ ਅਜੇ ਮੁੱਢਲੇ ਪੜਾਅ ਵਿਚ ਹਨ ਅਤੇ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਬੁੱਤ ਦਾ ਸਿਰ ਕਦੋਂ ਲਾਹਿਆ ਗਿਆ ਪਰ ਲਗਦਾ ਹੈ ਕਿ ਕਾਂਸੀ ਨੂੰ ਕੱਟਣ ਲਈ ਪਾਵਰ ਟੂਲ ਦੀ ਵਰਤੋਂ ਕੀਤੀ ਹੈ।

# ਯੂ.ਬੀ.ਸੀ. ਵੈਨਕੂਵਰ ਵਿਚ ਹਰਜੀਤ ਕੌਰ ਸਿੱਧੂ ਯਾਦਗਾਰੀ ਪ੍ਰੋਗਰਾਮ 6 ਅਪ੍ਰੈਲ ਨੂੰ

## ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੂੰ ਦਿੱਤਾ ਜਾਵੇਗਾ ਹਰਜੀਤ ਕੌਰ ਸਿੱਧੂ ਐਵਾਰਡ

ਸਰੀ (ਹਰਦਮ ਮਾਨ)-ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਯੂ.ਬੀ.ਸੀ.) ਦੇ ਏਸ਼ੀਅਨ ਸਟੱਡੀਜ਼ ਵਿਭਾਗ ਵਿਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ 30 ਸਾਲ ਪੂਰੇ ਹੋਣ 'ਤੇ 6 ਅਪ੍ਰੈਲ ਨੂੰ ਸ਼ਾਮ 6 ਵਜੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਸਮਰਪਿਤ ਯਾਦਗਾਰੀ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਯੂਨੀਵਰਸਿਟੀ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਪ੍ਰੋਗਰਾਮ ਇਕ ਸਮਰਪਿਤ ਪਤਨੀ, ਮਾਂ ਅਤੇ ਸਿੱਖਿਆ, ਪੰਜਾਬੀ ਸੱਭਿਆਚਾਰ, ਭਾਸ਼ਾ ਅਤੇ ਔਰਤਾਂ ਦੇ ਮੁੱਦਿਆਂ ਲਈ ਜ਼ੋਰਦਾਰ ਵਕਾਲਤ ਕਰਨ ਵਾਲੀ ਹਰਜੀਤ ਕੌਰ ਸਿੱਧੂ (ਨੀ ਗਿੱਲ) ਦੀ ਯਾਦ ਵਿਚ ਹਰ ਸਾਲ ਕਰਵਾਇਆ ਜਾਂਦਾ ਹੈ। ਇਸ ਪ੍ਰੋਗਰਾਮ ਦਾ ਟੀਚਾ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ 'ਤੇ ਮਹੱਤਵਪੂਰਨ ਨਵੀਂ ਸਕਾਲਰਸ਼ਿਪ ਵੱਲ ਧਿਆਨ ਦਿਵਾਉਣਾ ਅਤੇ ਇਸ ਨੂੰ ਵਿਦਿਆਰਥੀਆਂ ਅਤੇ ਵੈਨਕੂਵਰ ਖੇਤਰ ਦੇ ਵੱਡੀ ਗਿਣਤੀ ਵਿਚ ਦਰਸ਼ਕਾਂ ਤੱਕ ਪਹੁੰਚਾਉਣ ਦੇ ਨਾਲ ਨਾਲ ਪੰਜਾਬੀ ਭਾਸ਼ਾ ਦੇ ਸੱਭਿਆਚਾਰਕ ਉਤਪਾਦਨ ਵਿਚ ਹੋਈਆਂ ਪ੍ਰਾਪਤੀਆਂ ਨੂੰ ਉਤਸ਼ਾਹਿਤ ਕਰਨਾ, ਪਛਾਣਨਾ ਅਤੇ ਪੰਜਾਬੀ ਭਾਸ਼ਾ ਸਿੱਖਣ ਅਤੇ ਵਰਤਣ ਵਾਲੇ ਵਿਦਿਆਰਥੀਆਂ ਨੂੰ ਉਹਨਾਂ ਦੇ ਕੰਮ ਲਈ ਸਨਮਾਨਿਤ ਕਰਨਾ ਹੈ। ਇਸ ਪ੍ਰੋਗਰਾਮ ਵਿਚ ਸਰੀ ਦੇ ਪ੍ਰਸਿੱਧ ਸ਼ਾਇਰ ਅਤੇ ਬਹੁਪੱਖੀ ਲੇਖਕ ਮੋਹਨ ਗਿੱਲ ਨੂੰ ਉਨ੍ਹਾਂ ਵੱਲੋਂ ਪਾਏ ਸਾਹਿਤਕ ਯੋਗਦਾਨ ਲਈ ਹਰਜੀਤ ਕੌਰ ਸਿੱਧੂ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ ਅਤੇ ਪ੍ਰੋਗਰਾਮ ਦੇ ਮੁੱਖ ਬੁਲਾਰੇ ਵੀ ਮੋਹਨ ਗਿੱਲ ਹੋਣਗੇ। ਜ਼ਿਕਰਯੋਗ ਹੈ ਕਿ ਮੋਹਨ ਗਿੱਲ ਪੰਜਾਬੀ ਦੇ ਉੱਘੇ ਲੇਖਕ ਹਨ, ਜਿਨ੍ਹਾਂ ਨੇ ਸਾਹਿਤ ਜਗਤ ਵਿੱਚ ਆਪਣਾ ਇੱਕ ਨਿਵੇਕਲਾ ਨਾਮ ਬਣਾਇਆ ਹੈ। ਉਹਨਾਂ ਬਤੌਰ ਇੱਕ ਕਵੀ, ਵਿਅੰਗਕਾਰ, ਸੰਪਾਦਕ ਅਤੇ ਅਨੁਵਾਦਕ ਆਪਣੀਆਂ ਕਈ ਕਿਤਾਬਾਂ ਪਾਠਕਾਂ ਦੀ ਝੋਲੀ ਪਾਈਆਂ ਹਨ।




# ਚਿਲੀਵੈਕ 'ਚ ਗੋਲੀਬਾਰੀ ਦੋ ਵਿਅਕਤੀ ਜ਼ਖ਼ਮੀ

ਸਰੀ-ਚਿਲੀਵੈਕ ਵਿਚ ਦੋ ਵਿਅਕਤੀਆਂ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਬ੍ਰਿਟਿਸ਼ ਕੋਲੰਬੀਆ ਵਿਚ ਪੁਲਿਸ ਲੋਕਾਂ ਨੂੰ ਮਦਦ ਕਰਨ ਲਈ ਕਹਿ ਰਹੀ ਹੈ। ਸਨਿਚਰਵਾਰ ਰਾਤ ਸ਼ਹਿਰ ਦੇ ਰੋਟਰੀ ਟਰੇਲ ਪਾਰਕ ਦੇ ਪ੍ਰਵੇਸ਼ ਵਿਖੇ ਗੋਲੀਆਂ ਚੱਲਣ ਪਿੱਛੋਂ ਅਫਰਾ ਤਫਰੀ ਫੈਲਣ ਦੀਆਂ ਕਈ ਰਿਪੋਰਟਾਂ ਮਿਲਣ ਪਿੱਛੋਂ ਪੁਲਿਸ ਅਧਿਕਾਰੀ ਮੌਕੇ 'ਤੇ ਪੁੱਜੇ। ਆਰਸੀਐਮਪੀ ਨੇ ਦੱਸਿਆ ਕਿ ਪੁਲਿਸ ਨੂੰ ਮੌਕੇ ਤੋਂ ਦੋ ਵਿਅਕਤੀ ਜ਼ਖ਼ਮੀ ਹਾਲਤ ਵਿਚ ਮਿਲੇ ਜਿਨ੍ਹਾਂ ਦੇ ਕਈ ਗੋਲੀਆਂ ਲੱਗੀਆਂ ਹੋਈਆਂ ਸਨ। ਐਮਰਜੈਂਸੀ ਦੇ ਪਹੁੰਚਣ ਤਕ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਦਿੱਤੀ ਗਈ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।

# ਕੈਨੇਡਾ ਵਿਚ ਵਿਆਹ ਦੇ ਆਧਾਰ ਤੇ ਠੱਗੀ ਮਾਰਨ ਵਾਲੇ ਹਜ਼ਾਰਾਂ ਲਾੜੇ ਲਾੜੀਆਂ ਦੇ ਪੀ ਆਰ ਦੇ ਕੇਸ ਲਟਕੇ

## ਨਹੀਂ ਮਿਲ ਰਿਹਾ ਪੰਜਾਬ ਤੋਂ ਪੁਲਿਸ ਕਲੀਅਰੈਂਸ ਸਰਟੀਫਿਕੇਟ

ਵੈਨਕੂਵਰ (ਬਰਾੜ-ਭਗਤਾ ਭਾਈ ਕਾ)-ਅੰਤਰਰਾਸ਼ਟਰੀ ਵਿਦਿਆਰਥੀ ਵਰਗ ਵਿੱਚ ਕੈਨੇਡਾ ਆਉਣ ਦੀ ਇੱਛਾ ਨੇ ਸਾਰੀਆਂ ਇਮਾਨਦਾਰੀਆਂ 'ਤੇ ਅਜਿਹਾ ਪਾਣੀ ਫੇਰ ਦਿੱਤਾ ਕਿ ਹੋ ਸਕਦਾ ਕਿ ਆਉਣ ਵਾਲੇ ਸਮੇਂ 'ਚ ਵਿਦੇਸ਼ ਜਾਣ ਲਈ ਕਿਸੇ ਉੱਪਰ ਭਰੋਸਾ ਕਰਨਾ ਬੜੀ ਦੂਰ ਦੀ ਗੱਲ ਹੋ ਜਾਵੇ। ਸੈਂਕੜੇ ਨਹੀਂ ਬਲਕਿ ਹਜ਼ਾਰਾਂ ਦੀ ਗਿਣਤੀ 'ਚ ਵਿਦੇਸ਼ ਪਹੁੰਚੇ ਬਹੁਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਆਪਣੇ ਜੀਵਨ ਸਾਥੀਆਂ ਨਾਲ ਠੱਗੀਆਂ ਮਾਰਨ ਦੀਆਂ ਘਟਨਾਵਾਂ ਨੇ ਉਹ ਪਰਿਵਾਰ ਝੰਜੋੜ ਕੇ ਰੱਖ ਦਿੱਤੇ ਹਨ ਜਿਨ੍ਹਾਂ ਨੇ ਮੋਟੀਆਂ ਰਕਮਾਂ ਖਰਚ ਕੇ ਪਹਿਲਾਂ ਤਾਂ ਆਪਣੇ ਬੱਚਿਆਂ ਦੇ ਵਿਆਹ ਕੀਤੇ ਅਤੇ ਫੇਰ ਉਨ੍ਹਾਂ ਦੀਆਂ ਭਾਰੀ ਫ਼ੀਸਾਂ ਭਰਕੇ ਉਨ੍ਹਾਂ ਨੂੰ ਚੰਗੇ ਭਵਿੱਖ ਲਈ ਕੈਨੇਡਾ, ਅਮਰੀਕਾ, ਆਸਟਰੇਲੀਆ ਜਰਮਨੀ ਅਤੇ ਨਿਊਜੀਲੈਂਡ ਤੋਂ ਬਿਨਾਂ ਕਈ ਹੋਰ ਦੇਸ਼ਾਂ ਵਿੱਚ ਭੇਜਿਆ ਜਿੱਥੇ ਜਾ ਕੇ ਠੱਗ ਕਿਸਮ ਦੇ ਵਿਦਿਆਰਥੀਆਂ ਵੱਲੋਂ ਆਪਣੇ ਨਾਲ ਵਿਆਹੇ ਹੋਏ ਜੀਵਨ ਸਾਥੀ ਨੂੰ ਆਪਣੇ ਨਾਲ ਰੱਖਣ ਤੋਂ ਜਵਾਬ ਦੇ ਦਿੱਤਾ ਅਤੇ ਨਾ ਹੀ ਰਕਮ ਵਾਪਿਸ ਕਰਨ ਬਾਰੇ ਗੱਲ ਕਰਦੇ ਹਨ। ਅਜਿਹੇ ਕੇਸ ਜ਼ਿਆਦਾ ਤਰ ਲੜਕੀਆਂ ਦੇ ਸਾਹਮਣੇ ਆ ਰਹੇ ਹਨ। ਹਰ ਕੋਈ ਆਪਣੇ ਲੜਕੇ ਨੂੰ ਕੈਨੇਡਾ ਭੇਜਣ ਦੇ ਲਾਲਚ ਵਿੱਚ ਆਈ ਲੈਟਸ ਵਾਲੀ ਲੜਕੀ ਨਾਲ ਵਿਆਹ ਕੇ ਲੜਕੀ ਦੇ ਵਿਆਹ ਤੋਂ ਲੈ ਕੇ ਫ਼ੀਸਾਂ ਭਰਨ ਤੱਕ ਸਾਰਾ ਖਰਚ ਕਰ ਬੈਠਦੇ ਹਨ ਅਤੇ ਜਦੋਂ ਲੜਕੀ ਕੈਨੇਡਾ 'ਚ ਪੱਕੇ ਪੈਰੀਂ ਹੋ ਜਾਂਦੀ ਹੈ ਤਾਂ ਉਹ ਆਪਣੇ ਪਰਿਵਾਰ ਦੀ ਸ਼ਹਿ 'ਤੇ ਲੜਕੇ ਨੂੰ ਕੈਨੇਡਾ ਬੁਲਾਉਣ ਤੋਂ ਜਵਾਬ ਦੇ ਦਿੰਦੀ ਹੈ ਅਤੇ ਫੇਰ ਮੁਕੱਦਮੋਂ ਮੁਕੱਦਮੀਂ ਸ਼ੁਰੂ ਹੋ ਜਾਂਦੀ ਹੈ। ਇਸ ਸੰਬੰਧ 'ਚ ਜਿਹੜੀ ਗੱਲ ਹੁਣ ਸਾਹਮਣੇ ਆ ਰਹੀ ਹੈ ਉਹ ਇਹ ਹੈ ਕਿ ਜਿਹੜੀਆਂ ਲੜਕੀਆਂ ਵੱਲੋਂ ਪੜ੍ਹਾਈ ਪੂਰੀ ਕਰਨ ਉਪਰੰਤ ਪੀ ਆਰ ਵਾਸਤੇ ਆਪਣੇ ਕਾਗਜਾਤ ਦਾਖਲ ਕਰਨ ਦੇ ਨਾਲ ਆਪਣੇ ਪਿਛਲੇ ਪਿੰਡ ਨਾਲ ਸੰਬੰਧਤ ਥਾਣੇ ਤੋਂ ਪੁਲਿਸ ਕਲੀਅਰੈਂਸ ਸਰਟੀਫਿਕੇਟ ਲੈ ਕੇ ਨਾਲ ਦਾਖਲ ਕਰਨਾ ਪੈਂਦਾ ਹੈ। ਜਿਨ੍ਹਾਂ ਲੜਕੀਆਂ ਸਿਰ ਧੋਖਾਧੜੀ ਦੇ ਮੁਕੱਦਮੇ ਦਰਜ ਹੋ ਚੁੱਕੇ ਹਨ ਉਨ੍ਹਾਂ ਨੂੰ ਪੰਜਾਬ ਪੁਲਿਸ ਤੋਂ ਐਨ ਓ ਸੀ ਨਹੀਂ ਮਿਲ ਰਹੀ ਜਿਸ ਕਰਕੇ ਉਹ ਅੱਧ ਵਿਚਕਾਰ ਲਮਕ ਰਹੀਆਂ ਹਨ। ਇਸ ਤੋਂ ਇਲਾਵਾ ਨਾ ਹੀ ਉਨ੍ਹਾਂ ਲੜਕੀਆਂ ਕੋਲ ਕੋਈ ਹੋਰ ਤਰੀਕਾ ਰਹਿ ਜਾਂਦਾ ਹੈ ਕਿ ਉਹ ਪੰਜਾਬੀ ਵਾਪਸ ਜਾ ਸਕਣ। ਜੇ ਪੰਜਾਬ ਵਾਪਸ ਜਾਂਦੀਆਂ ਵੀ ਹਨ ਤਾਂ ਮੁਕੱਦਮਾ ਦਰਜ ਹੋਣਾ ਕਰਕੇ ਗ੍ਰਿਫ਼ਤਾਰੀ ਪੱਕੀ ਹੈ ਕਿਉਂਕਿ ਜਿਨ੍ਹਾਂ ਪਰਿਵਾਰਾਂ ਨਾਲ ਲੱਖਾਂ ਰੁਪਏ ਦੀ ਠੱਗੀ ਮਾਰੀ ਹੈ ਉਹ ਪਰਿਵਾਰ ਅਜਿਹੀਆਂ ਠੱਗ ਲੜਕੀਆਂ ਦੀ ਬੜੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ ਕਿ ਕਦੋਂ ਸ਼ਿਕਾਰ ਉਨ੍ਹਾਂ ਦੇ ਜਾਲ ਵਿੱਚ ਆ ਕੇ ਫਸੇ।

# ਆਟੋ ਪਾਰਟਸ ਸਟੋਰ 'ਤੇ ਡਕੈਤ ਵਲੋਂ ਪੁਲਿਸ ਅਫਸਰ ਦੀ ਸਟਨ ਗਨ ਖੋਹਣ ਦੀ ਕੋਸ਼ਿਸ਼

ਐਬਟਸਫੋਰਡ-ਇਥੇ ਚਾਕੂ ਦੀ ਨੋਕ 'ਤੇ ਇਕ ਆਟੋ ਪਾਰਟਸ ਸਟੋਰ ਵਿਚੋਂ ਸਮਾਨ ਚੁੱਕ ਰਹੇ ਸ਼ੱਕੀ ਡਕੈਤ ਨੂੰ ਜਦੋਂ ਗ੍ਰਿਫ਼ਤਾਰ ਕੀਤਾ ਜਾ ਰਿਹਾ ਸੀ ਤਾਂ ਉਸ ਨੇ ਪੁਲਿਸ ਅਫਸਰ ਦੀ ਸਟਨ ਗਨ ਖੋਹਣ ਦੀ ਕੋਸ਼ਿਸ਼ ਕੀਤੀ। ਪੁਲਿਸ ਨੂੰ ਸਾਊਥ ਫਰੇਜ਼ਰ ਵੇਅ ਦੇ 33400 ਬਲਾਕ ਵਿਚ ਇਕ ਆਟੋ ਪਾਰਟਸ ਸਟੋਰ 'ਤੇ ਡਕੈਤੀ ਹੋਣ ਦੀ ਸੂਚਨਾ ਮਿਲੀ। ਸਟਾਫ ਨੇ ਪੁਲਿਸ ਨੂੰ ਦੱਸਿਆ ਕਿ ਇਹ ਵਿਅਕਤੀ ਵਸਤਾਂ ਚੋਰੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਜਦੋਂ ਉਹ ਉਸ ਦੇ ਕੋਲ ਗਏ ਤਾਂ ਉਸ ਨੇ ਚਾਕੂ ਕੱਢ ਲਿਆ। ਜਦੋਂ ਅਫਸਰ ਮੌਕੇ 'ਤੇ ਪੁੱਜੇ ਤਾਂ ਸ਼ੱਕੀ ਸਟੋਰ ਤੋਂ ਜਾ ਰਿਹਾ ਸੀ। ਇਸ ਸਮੇਂ ਦੌਰਾਨ ਪੁਲਿਸ ਨੇ ਉਸ ਨੂੰ ਹਦਾਇਤਾਂ ਦੀ ਪਾਲਣਾ ਕਰਨ ਲਈ ਕਿਹਾ ਤਾਂ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਤਦ ਸਟਨ ਗਨ ਦੀ ਵਰਤੋਂ ਕੀਤੀ ਗਈ ਪਰ ਵਿਅਕਤੀ ਅਜੇ ਵੀ ਆਖੇ ਨਹੀਂ ਸੀ ਲੱਗ ਰਿਹਾ ਸਿੱਟੇ ਵਜੋਂ ਪੁਲਿਸ ਨਾਲ ਹੱਥੋ ਪਾਈ ਹੋ ਪਿਆ। ਇਸ ਵਿਅਕਤੀ ਨੇ ਅਫਸਰ ਦੀ ਸਟਨ ਗਨ ਫੜ ਲਈ ਅਤੇ ਉਨ੍ਹਾਂ ਨੂੰ ਹਥਿਆਰ ਰਹਿਤ ਕਰਨ ਦੀ ਕੋਸ਼ਿਸ਼ ਕੀਤੀ। ਤਦ ਹੋਰ ਅਫਸਰ ਮੌਕੇ 'ਤੇ ਪੁੱਜ ਗਏ ਅਤੇ ਉਸ ਨੂੰ ਸੁਰੱਖਿਅਤ ਗ੍ਰਿਫ਼ਤਾਰ ਕਰ ਲਿਆ। ਇਸ ਘਟਨਾ ਵਿਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ। 35 ਸਾਲਾ ਰਾਊਲ ਵਿਲਫਰੇਡੋ ਹਰਨਾਂਡੇਜ਼ 'ਤੇ ਹੁਣ ਡਕੈਤੀ, ਪੀਸ ਅਫਸਰ ਹਥਿਆਰ ਰਹਿਤ ਕਰਨ, ਰੁਕਾਵਟ ਪਾਉਣ ਅਤੇ ਖਤਰਨਾਕ ਇਰਾਦੇ ਲਈ ਹਥਿਆਰ ਕੋਲ ਰੱਖਣ ਦੇ ਦੋਸ਼ ਲਗਾਏ ਗਏ ਹਨ।



# ਟਰੂਡੋ ਸਰਕਾਰ ਵਲੋਂ ਡੈਂਟਲ ਕੇਅਰ ਦਾ ਵਿਸਤਾਰ-ਗਰੀਨ ਆਰਥਿਕਤਾ ’ਤੇ ਜ਼ੋਰ

[ਸਫ਼ਾ 1 ਦੀ ਬਾਕੀ]

ਘਟਾਉਂਦੇ ਹੋਏ ਆਪਣੀਆਂ ਅਰਥਵਿਵਸਥਾਵਾਂ ਨੂੰ ਗਰੀਨ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਬਜਟ ਵਿਚ ਇਸ ਗੱਲ ਦਾ ਵੀ ਖੁਲਾਸਾ ਕੀਤਾ ਗਿਆ ਹੈ ਕਿ ਘੱਟਗਿਣਤੀ ਲਿਬਰਲ ਸਰਕਾਰ ਕੌਮੀ ਡੈਂਟਲ ਕੇਅਰ ਪ੍ਰੋਗਰਾਮ ਦੇ ਵਿਸਥਾਰ ਦਾ ਵਾਅਦਾ ਕਰਦੀ ਹੈ ਅਤੇ ਇਹ ਸਰਕਾਰ ਦੇ ਐਨਡੀਪੀ ਨਾਲ ਸਪਲਾਈ ਐਂਡ ਕੌਨਫੀਡੈਂਸ ਅਰੇਂਜਮੈਂਟ ਸਮਝੌਤੇ ਦੀ ਇਕ ਪ੍ਰਮੁੱਖ ਰਿਆਇਤ ਹੈ ਅਤੇ ਇਸ ‘ਤੇ ਪੰਜ ਸਾਲਾਂ ਵਿਚ 13 ਅਰਬ ਡਾਲਰ ਖਰਚ ਕੀਤੇ ਜਾਣਗੇ। ਇਸ ਤੋਂ ਪਹਿਲਾਂ ਸਿਰਫ 6 ਅਰਬ ਡਾਲਰ ਰੱਖੇ ਗਏ ਸਨ। ਸਰਕਾਰ ਦੀ ਪਤਝੜ ਦੀ ਅਪਡੇਟ ਪਿਛੋਂ ਆਰਥਿਕ ਵਿਕਾਸ ਦੇ ਅਨੁਮਾਨ ਵਿਗੜ ਗਏ ਹਨ। ਜਦੋਂ ਇਸ ਨੂੰ ਨਵੇਂ ਖਰਚਿਆ ਨਾਲ ਜੋੜਿਆ ਜਾਵੇ ਤਾਂ ਇਸ ਨਾਲ ਓਟਵਾ ਦੀ ਆਰਥਿਕ ਹਾਲਤ ਹੋਰ ਖਰਾਬ ਹੋ ਜਾਵੇਗੀ। ਸਰਕਾਰ ਨੇ ਪੰਜ ਸਾਲਾਂ ਦੇ ਅੰਦਰ ਹਿਸਾਬ ਕਿਤਾਬ ਨੂੰ ਸੰਤੁਲਿਨ ਕਰਨ ਲਈ ਆਪਣੇ ਪਤਝੜ ਦੇ ਅਨੁਮਾਨ ਨੂੰ ਛਡ ਦਿਤਾ ਹੈ। ਇਸ ਦੀ ਬਜਾਏ ਇਕ ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਵਿੱਤੀ ਸਾਲ ਵਿਚ ਹੁਣ ਪਤਝੜ ਅਪਡੇਟ ਵਿਚ 30.6 ਅਰਬ ਡਾਲਰ ਦੇ ਘਾਟੇ ਦੇ ਮੁਕਾਬਲੇ 40.1 ਅਰਬ ਡਾਲਰ ਦੇ ਘਾਟੇ ਦਾ ਅਨੁਮਾਨ ਲਗਾਇਆ ਗਿਆ ਹੈ। ਸਰਕਾਰ ਹੁਣ ਪੇਸ਼ੀਨਗੋਈ ਕਰ ਰਹੀ ਹੈ ਕਿ 2027-28 ਤਕ ਘਾਟਾ ਘਟ ਕੇ 14 ਅਰਬ ਡਾਲਰ ਰਹਿ ਜਾਵੇਗਾ। ਪਤਝੜ ਅਪਡੇਟ ਮੁਤਾਬਿਕ ਉਸ ਸਾਲ ਤੱਕ ਕਿਤਾਬਾਂ ਵਿਚ ਰਿਟਰਨ ਸਰਪਲੱਸ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ। ਦਸਤਾਵੇਜ਼ ਵਿਚ ਫਰਵਰੀ ਵਿਚ ਐਲਾਨੇ ਗਏ ਨਵੇਂ ਸਿਹਤ ਸੰਭਾਲ ਟਰਾਂਫਰਜ਼, ਘੱਟ ਆਮਦਨ ਵਾਲੇ ਕੈਨੇਡੀਅਨਾਂ ਲਈ ਵੱਖ ਵੱਖ ਅਫੋਰਡਅਬਿਲਟੀ ਉਪਾਅ ਜਿਸ ਵਿਚ ਜੀਐਸਟੀ ਕਰੈਡਿਟ ਭੁਗਤਾਨਾਂ ਵਿਚ ਆਰਜ਼ੀ ਵਾਧੇ ਦਾ ਵਿਸਤਾਰ ਵੀ ਸ਼ਾਮਿਲ ਹੈ। ਫੈਡਰਲ ਵਿਭਾਗਾਂ ਦੇ ਯੋਗ ਖਰਚਿਆਂ ਵਿਚ 3 ਫ਼ੀਸਦੀ ਕਟੌਤੀ ਨਾਲ ਵਿੱਤੀ ਅਨੁਸ਼ਾਸਨ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਫ੍ਰੀਲੈਂਡ ਦੇ ਬਜਟ ਵਿਚ ਗ੍ਰੀਨ ਪ੍ਰਾਜੈਕਟਾਂ ਲਈ ਵੱਖ ਵੱਖ ਟੈਕਸ ਕਰੈਡਿਟਾਂ ਅਤੇ ਪ੍ਰੋਗਰਾਮਾਂ ‘ਤੇ ਖਰਚ ਲਈ 21 ਅਰਬ ਡਾਲਰ ਰੱਖੇ ਗਏ ਹਨ। ਨਵਿਆਉਣਯੋਗ ਊਰਜਾ ਲਈ ਅਰਬਾਂ ਡਾਲਰ ਦਾ ਖਰਚ ਪੰਜ ਸਾਲਾਂ ਵਿਚ ਖਰਚੇ ਜਾਣ ਵਾਲੇ 67.3 ਅਰਬ ਡਾਲਰ ਦੇ ਪੈਕੇਜ ਦਾ ਹਿੱਸਾ ਹਨ ਜਿਸ ਲਈ 21.5 ਅਰਬ ਡਾਲਰ ਅੰਦਰੂਨੀ ਬੱਚਤਾਂ ਅਤੇ ਜ਼ਿਆਦਾ ਆਮਦਨ ਵਾਲੇ ਕੈਨੇਡੀਅਨਾਂ ਤੇ ਬੈਂਕਾਂ ‘ਤੇ ਟੈਕਸ ਵਾਧੇ ਨਾਲ ਜੁਟਾਏ ਜਾਣਗੇ। ਕਲੀਨ ਐਨਰਜੀ ਇਨਸੈਂਟਿਵ ਦਾ ਪੈਕੇਜ ਅਮਰੀਕੀ ਇਨਫਲੇਸ਼ਨ ਰਿਡਕਸ਼ਨ ਐਕਟ ਦਾ ਜਵਾਬ ਹੈ ਜਿਸ ਨੂੰ ਪਿਛਲੇ ਸਾਲ ਪ੍ਰਵਾਨਗੀ ਦਿੱਤੀ ਗਈ ਸੀ ਜਿਹੜਾ ਅਗਲੇ 10 ਵਿਚ ਅਰਬਾਂ ਡਾਲਰ ਹੋਣ ਦਾ ਅਨੁਮਾਨ ਹੈ। ਬਜਟ ਕਲੀਨ ਐਨਰਜੀ ਨਿਰਮਾਣ ਲਈ ਇਕ ਨਵੇਂ ਨਿਵੇਸ਼ ਟੈਕਸ ਕ੍ਰੈਡਿਟ ਦਾ ਐਲਾਨ ਕਰਦਾ ਹੈ ਜਿਸ ਲਈ ਅਗਲੇ ਪੰਜ ਸਾਲਾਂ ਵਿਚ 4.5 ਅਰਬ ਡਾਲਰ ਖਰਚ ਕੀਤੇ ਜਾਣਗੇ।



### ਪੌਣਪਾਣੀ, ਡੈਂਟਲ ਕੇਅਰ ਅਤੇ ਘਾਟੇ ਦੀਆਂ 7 ਮੁੱਖ ਗੱਲਾਂ

ਓਟਵਾ-ਫੈਡਰਲ ਸਰਕਾਰ ਨੇ ਆਪਣੇ 2023 ਬਜਟ ਵਿਚ ਪੌਣਪਾਣੀ ਅਤੇ ਡੈਂਟਲ ਕੇਅਰ ‘ਤੇ ਖਰਚ ਕਰਨ ਦਾ ਵਾਅਦਾ ਕੀਤਾ ਹੈ ਅਤੇ ਉੱਚੀ ਆਮਦਨ ਵਾਲੇ ਕੈਨੇਡਾ ਵਾਸੀਆਂ ‘ਤੇ ਟੈਕਸ ਵਧਾਇਆ ਜਾ ਰਿਹਾ ਹੈ। ਬਜਟ ਦੀਆਂ 7 ਖ਼ਾਸ ਗੱਲਾਂ ਹੇਠ ਲਿਖੇ ਮੁਤਾਬਿਕ ਹਨ।

### ਹੋਮ ਸੇਵਿੰਗ ਖਾਤਾ ਕਾਇਮ ਹੋਵੇਗਾ

ਟੈਕਸ ਮੁਕਤ ਹੋਮ ਸੇਵਿੰਗ ਖਾਤਾ ਕਾਇਮ ਕਰਨ ਦੇ ਵਾਅਦੇ ‘ਤੇ ਚਲਦਿਆਂ ਸਰਕਾਰ ਦਾ ਕਹਿਣਾ ਕਿ ਵਿੱਤੀ ਸੰਸਥਾਵਾਂ ਇਕ ਅਪ੍ਰੈਲ ਤੋਂ ਉਨ੍ਹਾਂ ਦੀ ਪੇਸ਼ਕਸ਼ ਕਰ ਸਕਣਗੀਆਂ। ਖਾਤਿਆਂ ਨਾਲ ਪਹਿਲੀ ਵਾਰ ਘਰ ਖਰੀਦਣ ਵਾਲੇ 40000 ਡਾਲਰ ਤਕ ਬਚਤ ਕਰ ਸਕਣਗੇ ਅਤੇ ਯੋਗਦਾਨ ਵੀ ਟੈਕਸ ਮੁਕਤ ਹੋਵੇਗਾ। ਵਿਅਕਤੀ ਇਕ ਸਾਲ ਵਿਚ 8000 ਡਾਲਰ ਤਕ ਯੋਗਦਾਨ ਪਾ ਸਕਣਗੇ।

### ਡੈਂਟਲ ਯੋਜਨਾ

ਇਸ ਸਾਲ ਦੇ ਅਖੀਰ ਵਿਚ ਘੱਟ ਆਮਦਨ ਵਾਲੇ ਲੋਕਾਂ ਲਈ ਕੌਮੀ ਡੈਂਟਲ ਕੇਅਰ ਯੋਜਨਾ ਸ਼ੁਰੂ ਹੋਵੇਗੀ। 90000 ਡਾਲਰ ਤੋਂ ਘੱਟ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੇ ਬੀਮਾ ਰਹਿਤ ਕੈਨੇਡੀਅਨਾਂ ਨੂੰ ਡੈਂਟਲ ਕਵਰੇਜ ਮੁਹੱਈਆ ਕੀਤੀ ਜਾਵੇਗੀ ਅਤੇ 70 ਹਜ਼ਾਰ ਡਾਲਰ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਕੋਈ ਵੀ ਸਹਿ-ਭੁਗਤਾਨ ਨਹੀਂ ਕਰਨਾ ਪਵੇਗਾ। ਇਸ ਯੋਜਨਾ ਤਹਿਤ ਅਗਲੇ ਪੰਜ ਸਾਲਾਂ ਵਿਚ 13 ਅਰਬ ਡਾਲਰ ਖ਼ਰਚ ਕੀਤੇ ਜਾਣਗੇ। ਪਿਛਲਾ ਬਜਟ 6 ਅਰਬ ਡਾਲਰ ਦਾ ਸੀ। ਸਰਕਾਰ ਦੂਰ ਦੁਰਾਡੇ ਰਹਿੰਦੇ ਲੋਕਾਂ ਤਕ ਵੀ ਕਵਰੇਜ ਦਾ ਵਿਸਤਾਰ ਕਰ ਰਹੀ ਹੈ।

### ਘਾਟਾ ਵਧਣ ਦਾ ਅਨੁਮਾਨ

ਸਰਕਾਰ ਦੇ ਪਤਝੜ ਦੇ ਵਿੱਤੀ ਅਪਡੇਟ ਪਿੱਛੋਂ ਆਰਥਿਕ ਵਿਕਾਸ ਦੇ ਅਨੁਮਾਨ ਖਰਾਬ ਹੋ ਗਏ ਹਨ ਅਤੇ ਓਟਵਾ ਨੇ ਪੰਜ ਸਾਲਾਂ ਵਿਚ ਕਿਤਾਬਾਂ ਨੂੰ ਸੰਤੁਲਨ ਕਰਨ ਲਈ ਆਪਣੇ ਪਤਝੜ ਦੇ ਅਨੁਮਾਨਾਂ ਨੂੰ ਛੱਡ ਦਿਤਾ ਹੈ। ਇਕ ਅਪ੍ਰੈਲ ਤੋਂ ਸ਼ੁਰੂ ਹੋਣ ਰਹੇ ਵਿੱਤੀ ਸਾਲ ਵਿਚ ਪੱਤਝੜ ਅਪਡੇਟ ਦੇ 30.6 ਅਰਬ ਡਾਲਰ ਦੇ ਮੁਕਾਬਲੇ ਹੁਣ 40.1 ਅਰਬ ਡਾਲਰ ਦੇ ਘਾਟੇ ਦਾ ਅਨੁਮਾਨ ਲਗਾਇਆ ਗਿਆ ਹੈ। ਸਰਕਾਰ ਹੁਣ ਅਨੁਮਾਨ ਲਗਾ ਰਹੀ ਹੈ ਕਿ ਘਾਟਾ 2027-28 ਤਕ ਘਟ ਕੇ 14 ਅਰਬ ਡਾਲਰ ਰਹਿ ਜਾਵੇਗਾ।

### ਬਿਜਲੀ ’ਤੇ ਜ਼ਿਆਦਾ ਖਰਚ

ਓਟਵਾ ਦੀ ਗਰੀਨ ਐਨਰਜੀ ਯੋਜਨਾ ਦੀ ਰੀੜ੍ਹ ਦੀ ਹੱਡੀ ਕਲੀਨ ਬਿਜਲੀ ਲਈ ਚਾਰ ਸਾਲਾਂ ਵਿਚ 6.3 ਅਰਬ ਡਾਲਰ ਦਾ ਰਿਫੰਡ ਕੀਤਾ ਜਾਣ ਵਾਲਾ ਟੈਕਸ ਕ੍ਰੈਡਿਟ ਹੈ ਜਿਹੜਾ ਸੂਬਾਈ ਯੂਟਿਲਟੀਜ਼ ਦੇ ਨਾਲ ਨਾਲ ਨਿੰਜੀ ਤੇ ਸਵਦੇਸ਼ੀ ਮਾਲਕੀ ਵਾਲੀ ਸੰਪਤੀਆਂ ਲਈ ਉਪਲਬਧ ਹੋਵੇਗਾ। 2050 ਤਕ ਬਿਜਲੀ ਦੀ ਮੰਗ ਦੁੱਗਣੀ ਹੋਣ ਦੀ ਆਸ ਹੈ ਅਤੇ ਸਰਕਾਰ ਸਸਤੀ, ਕਲੀਨ ਬਿਜਲੀ ਨੂੰ ਕੈਨੇਡਾ ਦੀ ਮੁਕਾਬਲੇ ਵਿਚ ਲਾਭ ਵਾਲੀ ਅਤੇ ਭਵਿੱਖ ਦੀ ਆਰਥਿਕ ਸਫਲਤਾ ਦੀ ਕੁੰਜੀ ਵਜੋਂ ਦੇਖਦੀ ਹੈ।

### ਕਲੀਨ ਆਰਥਿਕਤਾ ਲਈ ਗਰੋਥ ਫੰਡ

ਪਿਛਲੇ ਸਾਲ ਦੇ ਬਜਟ ਵਿਚ ਐਲਾਨੇ 15 ਅਰਬ ਡਾਲਰ ਦੇ ਗਰੋਥ ਫੰਡ ਦਾ ਉਦੇਸ਼ ਕਲੀਨ ਆਰਥਿਕਤਾ ‘ਤੇ ਖਰਚ ਲਈ ਖਰਬਾਂ ਡਾਲਰ ਦੇ ਨਿੰਜੀ ਨਿਵੇਸ਼ ਦਾ ਲਾਭ ਲੈਣਾ ਹੈ।

### ਅਮੀਰਾਂ ਤੋਂ ਜ਼ਿਆਦਾ ਟੈਕਸ ਲੈਣਾ

ਫੈਡਰਲ ਸਰਕਾਰ ਟੈਕਸ ਦੀ ਦਰ ਨੂੰ 15 ਫ਼ੀਸਦੀ ਤੋਂ 20.5 ਫ਼ੀਸਦ ਕਰਕੇ ਸੁਪਰ ਅਮੀਰ ਕੈਨੇਡੀਅਨ ਤੋਂ ਜ਼ਿਆਦਾ ਟੈਕਸ ਲੈਣ ਲਈਆਲਟਰਨੇਟਿਵ ਮਿਨੀਮਮ ਟੈਕਸ (ਏਐਮਟੀ) ਵਿਚ ਤਬਦੀਲੀ ਕਰ ਰਹੀ ਹੈ ਅਤੇ ਟੈਕਸ ਤਰਜੀਹਾਂ ਦੀ ਵਧੇਰੇ ਵਰਤੋਂ ਨੂੰ ਸੀਮਤ ਕਰ ਰਹੀ ਹੈ। ਤਜਵੀਜ਼ ਤਹਿਤ ਮੁੱਢਲੀ ਏਐਮਟੀ ਛੋਟ 40000 ਤੋਂ ਵਧਾ ਕੇ 173000 ਡਾਲਰ ਕਰ ਦਿੱਤੀ ਜਾਵੇਗੀ। ਇਨ੍ਹਾਂ ਤਬਦੀਲੀਆਂ ਨਾਲ ਅਗਲੇ ਪੰਜ ਸਾਲਾ ਵਿਚ ਤਿੰਨ ਅਰਬ ਡਾਲਰ ਦਾ ਮਾਲੀਆ ਪ੍ਰਾਪਤ ਹੋਵੇਗਾ।

### ਯੂਕਰੇਨ ਲਈ ਹੋਰ ਸਹਾਇਤਾ

ਕੈਨੇਡਾ ਯੂਕਰੇਨ ਨੂੰ 2.4 ਅਰਬ ਡਾਲਰ ਦਾ ਹੋਰ ਉਧਾਰ ਦੇ ਰਿਹਾ ਹੈ ਜਿਸ ਨਾਲ ਜੰਗ ਸ਼ੁਰੂ ਹੋਣ ਪਿਛੋਂ ਕੀਵ ਨੂੰ ਕੁਲ ਸਹਾਇਤਾ 8 ਅਰਬ ਡਾਲਰ ਤੋਂ ਵਧ ਜਾਵੇਗੀ। ਬਜਟ ਯੂਕਰੇਨੀ ਨਾਗਰਿਕਾਂ ਨੂੰ ਲਗਪਗ 172 ਮਿਲੀਅਨ ਡਾਲਰ ਦਾ ਵਾਧੂ ਸਹਾਇਤਾ ਦੀ ਭੁਗਤਾਨ ਵੀ ਮੁਹਈਆ ਕਰਦਾ ਹੈ ਜਿਹੜੇ ਘਟੋ ਘਟ ਆਰਜ਼ੀ ਤੌਰ ‘ਤੇ ਕੈਨੇਡਾ ਨੂੰ ਆਪਣਾ ਘਰ ਬਣਾ ਰਹੇ ਹਨ।

### ਫੁੱਟਕਲ ਗੱਲਾਂ

• **ਅਲਕੋਹਲ ‘ਤੇ ਟੈਕਸ ਸੀਮਤ ਕਰਨਾ**-ਸਰਕਾਰ ਇਕ ਸਾਲ ਲਈ ਅਲਕੋਹਲ ਵਾਲੇ ਉਤਪਾਦਾਂ ‘ਤੇ ਮਹਿੰਗਾਈ ਮੁਤਾਬਿਕ ਟੈਕਸਾਂ ਨੂੰ 2 ਫ਼ੀਸਦੀ ‘ਤੇ ਸੀਮਤ ਕਰ ਰਹੀ ਹੈ।

• **ਜੰਕ ਫੀਸ**-ਸਰਕਾਰ ਵਲੋਂ ਸੰਭਾਵਤ ਨਵੇਂ ਕਾਨੂੰਨ ਰਾਹੀਂ ਇੰਟਰਨੈਟ ਓਵਰਏਜ ਚਾਰਜਸ, ਸੰਗੀਤ ਸਮਾਰੋਹ, ਸ਼ਿਪਿੰਗ ਅਤੇ ਸਮਾਨ ਫੀਸਾਂ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

• **ਮੁਰੰਮਤ ਦਾ ਹੱਕ**-ਖਰਚੇ ਤੇ ਰਹਿੰਦ ਖੂੰਹਦ ਘਟਾਉਣ ਲਈ ਸਰਕਾਰ ਦਾ 2024 ਵਿਚ ਮੁਰੰਮਤ ਦੇ ਅਧਿਕਾਰ ਦਾ ਢਾਂਚਾ ਪੇਸ਼ ਕਰਨ ਦਾ ਉਦੇਸ਼ ਹੈ ਅਤੇ ਇਸ ਦਾ ਕਹਿਣਾ ਕਿ ਉਪਕਰਣ ਆਸਾਨੀ ਨਾਲ ਮੁਰੰਮਤ ਕੀਤੇ ਯੋਗ ਹੋਣੇ ਚਾਹੀਦੇ ਹਨ, ਸਪੇਅਰ ਪਾਰਟਸ ਆਸਾਨੀ ਨਾਲ ਪਹੁੰਚਯੋਗ ਹੋਣੇ ਚਾਹੀਦੇ ਅਤੇ ਕੰਪਨੀਆਂ ਮੁਰੰਮਤ ਰੋਕਣ ਲਈ ਗੁੰਝਲਦਾਰ ਪ੍ਰੋਗਰਾਮਿੰਗ ਨਾ ਪੇਸ਼ ਕਰਨ ਜਾਂ ਬੇਸਪੋਕ ਪੁਰਜਿਆਂ ਤਕ ਪਹੁੰਚ ਹੋਣੀ ਚਾਹੀਦੀ ਹੈ।

• **ਕਾਮਨ ਚਾਰਜਰਸ**-ਸਰਕਾਰ 2025 ਤਕ ਸਾਰੇ ਛੋਟੇ ਹਥ ਨਾਲ ਵਰਤੇ ਜਾਣ ਵਾਲੇ ਉਪਕਰਣਾਂ ਅਤੇ ਲੈਪਟੈਪਾਂ ਲਈ ਯੂਰਪੀਨ ਯੂਨੀਅਨ ਦੇ ਯੂਐਸਬੀ-ਸੀ ਦੇ ਆਦੇਸ਼ ਦੇ ਸਮਾਨ ਸਟੈਂਡਰਡ ਚਾਰਜਿੰਗ ਪੋਰਟ ਲਾਗੂ ਕਰਨ ‘ਤੇ ਕੰਮ ਕਰੇਗੀ।

• **ਆਟੋਮੈਟਿਕ ਟੈਕਸ ਫਾਈਲਿੰਗ**-ਕੈਨੇਡਾ ਰੈਵੀਨਿਊ ਏਜੰਸੀ ਆਟੋ ਫਾਈਲ ਰਿਟਰਨ ਲਈ ਯੋਗ ਘਟ ਆਮਦਨ ਵਾਲੇ ਕੈਨੇਡਾ ਵਾਸੀਆਂ ਦੀ ਗਿਣਤੀ ਨੂੰ ਲਗਪਗ ਤਿੰਨ ਗੁਣਾਂ ਕਰੇਗੀ।

• **ਗਰਭ ਅਵਸਥਾ ਦੇ ਨੁਕਸਾਨ ਲਈ ਛੁੱਟੀ**-ਲੇਬਰ ਕੋਡ ਵਿਚ ਯੋਜਨਾਬੱਧ ਸੋਧਾਂ ਨਾਲ ਗਰਭ ਅਵਸਥਾ ਦੇ ਨੁਕਸਾਨ ਤੋਂ ਸਰੀਰਕ ਤੇ ਭਾਵਨਾਤਮਿਕ ਤੌਰ ‘ਤੇ ਠੀਕ ਹੋਣ ਲਈ ਫੈਡਰਲ ਸਰਕਾਰ ਦੇ ਵਰਕਰਾਂ ਦੀ ਛੁੱਟੀ ਤੱਕ ਪਹੁੰਚ ਹੋਵੇਗੀ।




# ਸ਼੍ਰੋਮਣੀ ਕਮੇਟੀ ਦਾ 1138 ਕਰੋੜ ਦਾ ਬਜਟ ਪਾਸ

ਅੰਮ੍ਰਿਤਸਰ (ਲਾਂਬਾ)-ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿੱਤੀ ਸਾਲ 2023-24 ਲਈ ਅਨੁਮਾਨਤ 1138 ਕਰੋੜ 14 ਲੱਖ ਰੁਪਏ ਦਾ ਸਾਲਾਨਾ ਬਜਟ ਪਾਸ ਕਰ ਦਿੱਤਾ ਹੈ। ਇਹ ਰਕਮ ਪਿਛਲੇ ਸਾਲ ਦੇ ਬਜਟ 988 ਕਰੋੜ ਰੁਪਏ ਨਾਲੋਂ 17 ਫੀਸਦ ਵੱਧ ਹੈ। ਕਮੇਟੀ ਨੂੰ ਬਜਟ ਵਿੱਚ ਲਗਪਗ 32 ਕਰੋੜ ਰੁਪਏ ਦੇ ਘਾਟੇ ਦਾ ਅਨੁਮਾਨ ਹੈ। ਐਤਕੀਂ ਬਜਟ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਵੱਲ ਵਧੇਰੇ ਤਰਜੀਹ ਦਿੱਤੀ ਗਈ ਹੈ। ਸਿੱਖ ਸੰਸਥਾ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਹਰਿਆਣਾ ਦੇ ਗੁਰਦੁਆਰਿਆਂ ਦਾ ਬਜਟ ਮੁੱਖ ਬਜਟ ਵਿਚੋਂ ਮਨਫੀ ਹੈ। ਹਾਲਾਂਕਿ ਹਰਿਆਣਾ ਦੇ ਗੁਰਦੁਆਰਿਆਂ ਲਈ ਲਗਪਗ 57 ਕਰੋੜ ਰੁਪਏ ਦਾ ਇਕ ਵੱਖਰਾ ਅਨੁਮਾਨਤ ਬਜਟ ਰਾਖਵਾਂ ਰੱਖਿਆ ਗਿਆ ਹੈ। ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਬਜਟ ਇਜਲਾਸ ਦੀ ਪ੍ਰਧਾਨਗੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ ਜਦੋਂ ਕਿ ਜਨਰਲ ਇਜਲਾਸ ਦੌਰਾਨ ਸਿੱਖ ਸੰਸਥਾ ਦਾ ਬਜਟ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਪੇਸ਼ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਏ ਜਨਰਲ ਇਜਲਾਸ ਵਿਚ ਹਾਕਮ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਵਿਚਾਲੇ ਹਲਕੀ ਬਹਿਸ ਵੀ ਹੋਈ, ਪਰ ਬਾਅਦ ਵਿਚ ਬਜਟ ਇਜਲਾਸ ਬਿਨਾਂ ਵਿਘਨ ਮੁਕੰਮਲ ਹੋਇਆ। ਬਜਟ ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਮੌਜੂਦ ਸਨ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ 11 ਅਰਬ 38 ਕਰੋੜ 14 ਲੱਖ ਰੁਪਏ ਦਾ ਬਜਟ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਆਪਣੇ ਬਜਟ ਭਾਸ਼ਣ ਵਿਚ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਅਤੇ ਅਦਾਰਿਆਂ ਦੀ ਹੋਣ ਵਾਲੀ ਆਮਦਨ ਤੇ ਖਰਚਿਆਂ ਦੇ ਵੇਰਵੇ ਸਾਂਝੇ ਕਰਦਿਆਂ ਵੱਖ-ਵੱਖ ਭਵਿੱਖੀ ਕਾਰਜਾਂ ਲਈ ਰੱਖੀ ਗਈ ਰਾਸ਼ੀ ਦਾ ਖੁਲਾਸਾ ਕੀਤਾ। ਐਤਕੀਂ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਲਗਾਈ ਵੱਡ ਅਕਾਰੀ ਸਕਰੀਨ ‘ਤੇ ਨਾਲੋ-ਨਾਲ ਬਜਟ ਦੇ ਅੰਕੜੇ ਵੀ ਜਾਰੀ ਕੀਤੇ ਗਏ। ਸਿੱਖ ਸੰਸਥਾ ਦੇ ਬਜਟ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਬਜਟ ਦੇ ‘ੳ’ ਭਾਗ ਵਿਚ ਜਨਰਲ ਬੋਰਡ ਫੰਡ, ਟਰੱਸਟ ਫੰਡ, ਵਿਦਿਆ ਫੰਡ ਅਤੇ ਪ੍ਰਿੰਟਿੰਗ ਪ੍ਰੈੱਸਾਂ ਸ਼ਾਮਲ ਹਨ, ਜਦੋਂਕਿ ਬਜਟ ਦੇ ‘ਅ’ ਭਾਗ ਵਿਚ ਧਰਮ ਪ੍ਰਚਾਰ ਕਮੇਟੀ, ਭਾਗ ‘ੲ’ ਵਿਚ ਸੈਕਸ਼ਨ 85 ਦੇ ਗੁਰਦੁਆਰੇ ਅਤੇ ਭਾਗ ‘ਸ’ ਵਿਚ ਵਿਦਿਅਕ ਅਦਾਰੇ ਸ਼ਾਮਲ ਹਨ। ਇਨ੍ਹਾਂ ਸਾਰਿਆਂ ਤੋਂ ਇਸ ਵਿੱਤੀ ਵਰ੍ਹੇ ਦੌਰਾਨ ਆਮਦਨ ਲਗਪਗ 1106 ਕਰੋੜ, 4 ਲੱਖ 55 ਹਜ਼ਾਰ ਰੁਪਏ ਹੋਣ ਦਾ ਅਨੁਮਾਨ ਹੈ ਜਦੋਂ ਕਿ ਕੁੱਲ ਖਰਚਾ 1138 ਕਰੋੜ 14 ਲੱਖ 54 ਹਜ਼ਾਰ ਰੁਪਏ ਹੋਣ ਦਾ ਅਨੁਮਾਨ ਹੈ। ਇਹ ਅੰਕੜਾ ਆਮਦਨ ਨਾਲੋਂ ਲਗਪਗ 32 ਕਰੋੜ 9 ਲੱਖ 98 ਹਜ਼ਾਰ ਰੁਪਏ ਵਧੇਰੇ ਹੈ। ਇਸ ਵਾਧੂ ਖਰਚੇ ਵਿਚ ਸਭ ਤੋਂ ਵੱਧ ਖਰਚਾ 29 ਕਰੋੜ 88 ਲੱਖ 98 ਹਜ਼ਾਰ ਰੁਪਏ ਵਿਦਿਅਕ ਅਦਾਰਿਆਂ ਨਾਲ ਸਬੰਧਤ ਹੈ ਜਦੋ ਕਿ ਬਾਕੀ ਦੋ ਕਰੋੜ 21 ਲੱਖ ਰੁਪਏ ਦਾ ਵਾਧੂ ਖਰਚਾ ਪ੍ਰਿੰਟਿੰਗ ਪ੍ਰੈੱਸਾਂ ਨਾਲ ਸਬੰਧਿਤ ਹੈ। ਬਜਟ ਇਜਲਾਸ ਮਗਰੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਕੇਸਾਂ ਦੀ ਪੈਰਵੀ ਦੇ ਨਾਲ-ਨਾਲ ਨਜ਼ਰਬੰਦ ਸਿੰਘਾਂ ਦੇ ਪਰਿਵਾਰਾਂ ਨੂੰ ਸਹਾਇਤਾ ਲਈ ਵੀ ਵਿਸ਼ੇਸ਼ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਵਿਸ਼ੇਸ਼ ਤੌਰ ‘ਤੇ ਸਿੱਖ ਨੌਜਵਾਨਾਂ ਨੂੰ ਪ੍ਰਸ਼ਾਸਕੀ ਸੇਵਾਵਾਂ ਵਿਚ ਲਿਆਉਣ ਲਈ ਖੋਲ੍ਹੀ ਗਈ ਅਕੈਡਮੀ ਦਾ ਜ਼ਿਕਰ ਕੀਤਾ। ਹਰਿਆਣਾ ਦੇ ਗੁਰਦੁਆਰਿਆ ਦੇ ਬਜਟ ਸਬੰਧੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਵਾਰ ਹਰਿਆਣਾ ਦੇ ਗੁਰਦੁਆਰਿਆਂ ਲਈ ਵੱਖਰੇ ਤੌਰ ‘ਤੇ 57 ਕਰੋੜ 11 ਲੱਖ ਰੁਪਏ ਰੱਖਿਆ ਗਿਆ ਹੈ। ਭਾਵੇਂ ਸਰਕਾਰਾਂ ਨੇ ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਪਾਸੋਂ ਜਬਰੀ ਖੋਹ ਲਿਆ ਹੈ, ਪਰ ਫਿਰ ਵੀ ਸ਼੍ਰੋਮਣੀ ਕਮੇਟੀ ਨੇ ਇਸ ਲਈ ਬਜਟ ਰੱਖਿਆ ਹੈ।











# ਵਿੰਨੀਪੈਗ ਵਿਚ ਆਰਜੂ ਬੈਂਕੁਇਟ ਹਾਲ ( RU Banquet Hall ) ਦੀ ਸ਼ਾਨਦਾਰ ਗਰੈਂਡ ਓਪਨਿੰਗ

ਵਿੰਨੀਪੈਗ (ਸ਼ਰਮਾ)–ਬੀਤੇ ਐਤਵਾਰ ਨੂੰ ਵਿੰਨੀਪੈਗ ਵਿਚ ਆਰਜੂ ਬੈਂਕੁਇਟ ਹਾਲ (RU Banquet Hall) ਦੀ ਗਰੈਂਡ ਓਪਨਿੰਗ ਧੂਮਧਾਮ ਨਾਲ ਕੀਤੀ ਗਈ। ਉਦਘਾਟਨੀ ਰਸਮ ਐਮ ਐਲ ਏ ਸਿੰਡੀ ਲੈਮਰੂਕਸ ਤੇ ਹੋਰ ਸ਼ਖਸੀਅਤਾਂ ਨੇ ਕੀਤੀ। ਆਏ ਮਹਿਮਾਨਾਂ ਦਾ ਬੈਂਕੁਇਟ ਹਾਲ ਦੇ ਮਾਲਕ ਚਰਨਜੀਤ ਉਪਲ ਨੇ ਸਵਾਗਤ ਕੀਤਾ। ਉਹਨਾਂ ਦੇਸ ਪ੍ਰਦੇਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਬੈਕੁਇਟ ਹਾਲ 56 ਕੀਵਾਟਨ ਸਟਰੀਟ ਵਿਖੇ ਖੋਲਿਆ ਗਿਆ ਜਿਸ ਵਿਚ ਲੋਕ ਵਿਆਹ- ਸ਼ਾਦੀ ਦੀਆਂ ਪਾਰਟੀਆਂ, ਜਨਮ ਦਿਨ ਪਾਰਟੀਆਂ ਤੇ ਖੁਸ਼ੀਆਂ ਦੇ ਸਮਾਗਮ ਆਯੋਜਿਤ ਕਰ ਸਕਦੇ ਹਨ। ਉਹਨਾਂ ਨੇ ਬਹੁਤ ਘੱਟ ਕੀਮਤਾਂ ਉਪਰ ਬੇਤਰੀਨ ਖਾਣਾ ਤੇ ਸੇਵਾਵਾਂ ਨੂੰ ਬੈਕੁਇਟ ਹਾਲ ਦੀ ਪਹਿਲੀ ਤਰਜੀਹ ਦੱਸਿਆ ਹੈ। ਵਧੇਰੇ ਜਾਣਕਾਰੀ ਲਈ ਉਹਨਾਂ ਨਾਲ ਫੋਨ ਨੰਬਰ 240-899-3320 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

# ਡਿਊਰਾਬਿਲਟ ਵਲੋਂ ਦਵਿੰਦਰ ਦੀਪਤੀ ਦਾ ਸਨਮਾਨ





ਐਡਮਿੰਟਨ ( ਦੇ ਪ੍ਰ ਬਿ)– ਬੀਤੇ ਦਿਨ ਐਡਮਿੰਟਨ ਦੀ ਪ੍ਰਸਿਧ ਕੰਪਨੀ ਡਿਊਰਾਬਿਲਟ ਵਿੰਡੋਜ ਐਂਡ ਡੋਰਜ਼ ਇੰਕ ਦੇ ਸਲਾਨਾ ਸਮਾਗਮ ਦੌਰਾਨ ਕੰਪਨੀ ਦੇ ਸੀਨੀਅਰ ਇੰਪਲਾਈ ਦਵਿੰਦਰ ਦੀਪਤੀ ਦਾ ਉਹਨਾਂ ਦੀ ਸ਼ਾਨਦਾਰ ਸੇਵਾਵਾਂ ਲਈ ਸਨਮਾਨ ਕੀਤਾ ਗਿਆ। ਇਸ ਮੌਕੇ ਕੰਪਨੀ ਦੇ ਪ੍ਰੈਜੀਡੈਂਟ ਜੋਅ ਸੂਨਰ, ਵਾਈਸ ਪ੍ਰੈਜੀਡੈਂਟ ਅਮਰ ਰੰਧਾਵਾ, ਸੀਨੀਅਰ ਮੈਨੇਜਰ ਸੰਨੀ ਕਾਲਕਟ ਨੇ ਉਹਨਾਂ ਦਾ ਪਲੈਕ ਤੇ ਮਾਣ ਪੱਤਰ ਨਾਲ ਸਨਮਾਨ ਕੀਤਾ। ਜ਼ਿਕਰਯੋਗ ਹੈ ਕਿ ਦਵਿੰਦਰ ਦੀਪਤੀ ਪਿਛਲੇ 15 ਸਾਲ ਤੋ ਕੰਪਨੀ ਵਿਚ ਵੱਖ ਵੱਖ ਅਹੁਦਿਆਂ ਤੇ ਰਹਿੰਦਿਆਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ।





# ਮਿਲਵੁਡਜ ਕਲਚਰਲ ਸੁਸਾਇਟੀ ਦਾ 40ਵਾਂ ਸਥਾਪਨਾ ਦਿਵਸ ਮਨਾਇਆ

ਐਡਮਿੰਟਨ (ਗੁਰਪ੍ਰੀਤ ਸਿੰਘ, ਦੀਪਤੀ )- ਬੀਤੀ 23 ਮਾਰਚ ਨੂੰ ਮਿਲਵੁਡਜ ਕਲਚਰਲ ਸੁਸਾਇਟੀ ਵਲੋਂ ਆਪਣਾ 40ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਓ ਕੌਮੀ ਤਰਾਨੇ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਉਪਰੰਤ ਸੁਸਾਇਟੀ ਦੇ ਵਿਛੜੇ ਸਾਥੀਆਂ ਦੀ ਯਾਦ ਵਿਚ 2 ਮਿੰਟ ਦਾ ਮੌਨ ਧਾਰਨ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਦੇ ਮੁੱਖ ਮਹਿਮਾਨ 97 ਸਾਲਾ ਸ ਬਲਦੇਵ ਸਿੰਘ ਪਰਮਾਰ ਸਨ ਜਿਹਨਾਂ ਦਾ ਸੁਸਾਇਟੀ ਦੇ ਪ੍ਰਧਾਨ ਸੌਦਾਗਰ ਸਿੰਘ ਤੇ ਹੋਰਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸ਼ਹਿਰ ਦੇ ਮੇਅਰ ਅਮਰਜੀਤ ਸੋਹੀ , ਵਿਧਾਇਕ ਜਸਵੀਰ ਸਿੰਘ ਦਿਓਲ, ਕੌਂਸਲਰ ਕੇਰਨ ਟੈਂਗ, ਕੌਂਸਲਰ ਜੋ ਐਨੀ ਰਾਈਟ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਸਮਾਗਮ ਦੌਰਾਨ ਵੱਖ ਵੱਖ



ਬੁਲਾਰਿਆਂ ਵਿਚ ਸ਼ਾਮਿਲ ਸ੍ਰੀ ਸੀਤਲ ਸਿੰਘ ਨੰਨੂਆ, ਕਰਮਜੀਤ ਸਿੰਘ ਸੰਘਾ, ਸਾਬਕਾ ਪ੍ਰਧਾਨ ਜਗਜੀਤ ਸਿੰਘ ਸਿੱਧੂ, ਲਾਡੀ ਸੂਸਾਂਵਾਲਾ, ਹਰਮਿੰਦਰ ਸਿੰਘ ਬਰਾੜ, ਜਰਨੈਲ ਕੌਰ ਧਾਲੀਵਾਲ, ਜਰਨੈਲ ਸਿੰਘ ਬਸੋਤਾ ਤੇ ਰੂਬੀ ਤੂਰ ਨੇ ਸੁਸਾਇਟੀ ਦੇ ਸਥਾਪਨਾ ਦਿਵਸ ਦੀਆਂ ਸ਼ੁਭ ਕਾਮਨਾਵਾਂ ਦੇਣ ਦੇ ਨਾਲ 23 ਮਾਰਚ ਦੇ ਸ਼ਹੀਦਾਂ ਦੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਮਲਕੀਤ ਸਿੰਘ ਪਨੇਸਰ, ਚਰਨਜੀਤ ਖੰਨਾ, ਮਲਕੀਤ ਸਿੰਘ ਮਾਨ, ਗੁਰਚਰਨ ਸਿੰਘ ਬਖਸ਼ੀ ਅਤੇ ਹਰਜੰਟ ਸਿੰਘ ਮਾਨ ਨੂੰ ਸੁਸਾਇਟੀ ਪ੍ਰਤੀ ਸ਼ਾਨਦਾਰ ਸੇਵਾਵਾਂ ਦੇਣ ਲਈ ਸਨਮਾਨਿਤ ਕੀਤਾ ਗਿਆ। ਅਖੀਰ ਵਿਚ ਸ ਬਲਬੀਰ ਸਿੰਘ ਕੁਲਾਰ ਸਾਬਕਾ ਪ੍ਰਧਾਨ ਨੇ ਸੁਸਾਇਟੀ ਦੀਆਂ ਪ੍ਰਾਪਤੀਆਂ ਤੇ ਹੋਰ ਕਾਰਜਾਂ ਦੀ ਗੱਲ ਕਰਦਿਆਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।



# ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਦੇ ਪ੍ਰਬੰਧਕੀ ਬੋਰਡ ਦੀ ਚੋਣ

## ਰਿਵਰਸਾਈਡ ਫਿਊਨਰਲ ਹੋਮ ਵਿਕਣ ਵਾਲੀਆਂ ਅਫਵਾਹਾਂ ਵਿਚ ਕੋਈ ਸੱਚਾਈ ਨਹੀਂ-ਸੁਰਿੰਦਰ ਸਿੰਘ ਜੱਬਲ



ਸਰੀ (ਹਰਦਮ ਮਾਨ)-ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਅਤੇ ਫਾਈਵ ਰਿਵਰਜ਼ ਮੈਨੇਜਮੈਂਟ ਦੇ ਪ੍ਰਬੰਧਕੀ ਬੋਰਡ ਦੀ ਚੋਣ 26 ਮਾਰਚ 2023 ਨੂੰ ਹੋਈ ਜਿਸ ਵਿਚ ਸਾਰੇ ਡਾਇਰੈਕਟਰ ਸਰਬਸੰਮਤੀ ਨਾਲ ਚੁਣੇ ਗਏ ਅਤੇ ਇਹ ਨਵੇਂ ਚੁਣੇ ਗਏ ਬੋਰਡ ਮੈਂਬਰਜ ਪਹਿਲੀ ਅਪ੍ਰੈਲ ਤੋਂ ਚਾਰਜ ਸੰਭਾਲ ਲੈਣਗੇ। ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਦੱਸਿਆ ਹੈ ਕਿ ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਵਿਚ ਇਸ ਸਮੇਂ ਵੈਨਕੂਵਰ ਇਲਾਕੇ ਦੀਆਂ 12 ਧਾਰਮਿਕ ਸੁਸਾਇਟੀਆਂ ਅਤੇ ਸਹਿਯੋਗੀਆਂ ਸਣੇ ਕੁਲ ਮਿਲਾ ਕੇ 57 ਡੈਲੀਗੇਟ ਹਨ। ਅਰੰਭ ਵਿਚ ਇਸ ਸੰਸਥਾ ਦਾ ਮੁੱਖ ਮੰਤਵ ਆਪਣੀ ਕਮਿਊਨਿਟੀ ਵੱਲੋਂ ਆਪਣਾ ਫਿਊਨਰਲ ਹੋਮ (ਸਸਕਾਰ ਘਰ) ਬਣਾਉਣਾ ਤੇ ਚਲਾਉਣਾ ਸੀ ਜੋ ਜੂਨ 2002 ਤੋਂ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਚ 7410 ਹੌਪਕੋਟ ਸਟਰੀਟ ਤੇ ਚੱਲ ਰਿਹਾ ਹੈ ਜਿਥੇ ਕਿ ਆਪਣੇ ਸਨੇਹੀਆਂ ਦਾ ਅੰਤਮ ਸੰਸਕਾਰ ਆਪਣੀਆਂ ਧਾਰਮਿਕ ਰਹੁਰੀਤਾਂ ਨਾਲ ਸੰਭਾਵੀ ਝੱਲਣਯੋਗ ਖਰਚੇ ਨਾਲ ਹੋ ਜਾਂਦਾ ਹੈ। ਸ. ਜੱਬਲ ਨੇ ਕਿਹਾ ਹੈ ਕਿ ਪਿਛਲੇ ਸਮੇਂ ਵਿਚ ਕਈ ਅਫਵਾਹਾਂ ਸੁਨਣ ਨੂੰ ਮਿਲੀਆਂ ਕਿ ਰਿਵਰਸਾਈਡ ਫੀਊਨਰਲ ਹੋਮ (ਸਸਕਾਰ ਘਰ) ਵਿਕ ਗਿਆ ਹੈ, ਜਿਹਨਾਂ ਵਿਚ ਕੋਈ ਸੱਚਾਈ ਨਹੀਂ। ਉਨ੍ਹਾਂ ਯਕੀਨ ਦੁਆਇਆ ਹੈ ਕਿ ਕਮਿਉਨਿਟੀ ਦਾ ਆਪਣਾ ਸਸਕਾਰ-ਘਰ ਮੈਨੇਜਮੈਂਟ ਅਤੇ ਯੋਗ ਲਾਇਸੰਸਸ਼ੁਦਾ ਸਟਾਫ ਵੱਲੋਂ ਨਿਯਮਬੱਧ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ। ਜਿਸ ਵਿਚ ਪਹਿਲ ਦੇ ਅਧਾਰ ਤੇ ਬਿਨਾਂ ਪੱਖਪਾਤ ਤੋਂ ਸਸਕਾਰ ਦਾ ਸਮਾਂ ਤਹਿ ਕੀਤਾ ਜਾਂਦਾ ਹੈ। ਪਰ ਪਿਛਲੇ 20 ਸਾਲਾਂ ਵਿਚ ਆਬਾਦੀ ਵਧਣ ਕਰਕੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਚ ਸਸਕਾਰ ਕਰਨ ਲਈ ਇਕ ਹਫਤੇ ਤੋਂ ਵੱਧ ਸਮਾਂ ਲੱਗਣ ਲੱਗ ਪਿਆ ਹੈ ਜਿਸ ਕਰਕੇ ਹੋਰ ਪ੍ਰਾਈਵੇਟ ਸਸਕਾਰ ਘਰ ਮਜਬੂਰਨ ਲੱਭਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਸ਼ਕਿਲ ਨੂੰ ਹੱਲ ਕਰਨ ਲਈ ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਨੇ ਸਰੀ ਵਿਚ 168 ਸਟਰੀਟ ਤੇ 9280-9350 ਬਲਾਕ ਵਿਚ ਇਕ ਹੋਰ ਰਿਵਰਸਾਈਡ ਫਿਊਨਰਲ ਹੋਮ ਸਰੀ ਬਨਾਉਣ ਦਾ ਪ੍ਰੋਗਰਾਮ ਉਲੀਕਿਆ ਹੈ ਜੋ ਕਿ ਆਉਂਦੇ ਸਾਲਾਂ ਵਿਚ ਹੋਂਦ ਵਿਚ ਆ ਜਾਵੇਗਾ। ਇਸ ਸੰਬੰਧੀ ਪਿਛਲੇ ਸਾਲ ਤੋਂ ਆਰਕੀਟੈਕਟ ਅਤੇ ਇੰਜਨੀਅਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਦੂਸਰਾ ਸਸਕਾਰ-ਘਰ (ਰਿਵਰਸਾਈਡ ਫਿਊਨਰਲ ਹੋਮ) ਸਰੀ ਵਿਚ ਬਨਾਉਣ ਲਈ ਪੂਰੀ ਤਨਦੇਹੀ ਨਾਲ ਵਚਨਵੱਧ ਹੈ।

### ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਦੇ ਨਵੇਂ ਚੁਣੇ ਗਏ ਅਹੁਦੇਦਾਰ

ਪ੍ਰਧਾਨ - ਲੈਂਬਰ ਰਾਓ, ਸੀਨੀਅਰ ਮੀਤ ਪ੍ਰਧਾਨ - ਸੁਖਵੰਤ ਸਿੰਘ ਤੱਖਰ, ਮੀਤ ਪ੍ਰਧਾਨ -ਡਾ. ਪ੍ਰੀਤੀ ਮਿਸਰਾ

ਜਨਰਲ ਸਕੱਤਰ - ਜੁਗਿੰਦਰ ਸਿੰਘ ਸੁੰਨੜ, ਰੀਕਾਰਡਿੰਗ ਸਕੱਤਰ-ਕਰਨੈਲ ਸਿੰਘ ਸਿਹੋਤਾ, ਜੁਆਇੰਟ ਸਕੱਤਰ - ਕਿਰਪਾਲ ਸਿੰਘ ਪਿੰਜਲ, ਖਜ਼ਾਨਚੀ-ਅਵਤਾਰ ਸਿੰਘ ਢਿਲੋਂ, ਜੁਆਇੰਟ ਖਜ਼ਾਨਚੀ-ਜੋਗਰਾਜ ਸਿੰਘ ਨਿੱਝਰ, ਪੀ.ਆਰ.ਓ.-ਅਮਰੀਕ ਸਿੰਘ ਨਿੱਝਰ, ਇੰਟਰਨਲ ਔਡੀਟਰ-ਤਰਸੇਮ ਸਿੰਘ ਬੰਗਾ, ਔਡਿਟ ਕਮੇਟੀ ਮੈਂਬਰ-ਹਰਭਜਨ ਸਿੰਘ ਅਟਵਾਲ ਤੇ ਸੋਹਨ ਸਿੰਘ ਮਾਂਗਟ।

### ਫਾਈਵ ਰਿਵਰਜ਼ ਮੈਨੇਜਮੈਂਟ ਸਰਵਿਸਜ਼ ਸੁਸਾਇਟੀ ਦੇ ਨਵੇਂ ਚੁਣੇ ਗਏ ਅਹੁਦੇਦਾਰ

ਪ੍ਰਧਾਨ- ਲੈਂਬਰ ਰਾਓ, ਮੀਤ ਪ੍ਰਧਾਨ-ਬਲਬੀਰ ਸਿੰਘ ਪਰਹਾਰ, ਜਨਰਲ ਸਕੱਤਰ-ਜੁਗਿੰਦਰ ਸਿੰਘ ਸੁੰਨੜ, ਜੁਆਇੰਟ ਸਕੱਤਰ-ਲਖਬੀਰ ਸਿੰਘ ਖੰਗੂਰਾ, ਖਜ਼ਾਨਚੀ-ਅਵਤਾਰ ਸਿੰਘ ਢਿਲੋਂ, ਜੁਆਇੰਟ ਖਜ਼ਾਨਚੀ-ਜੋਗਿੰਦਰ ਸਿੰਘ ਗਿੱਲ, ਇੰਟਰਨਲ ਔਡੀਟਰ-ਸੁਰਿੰਦਰ ਸਿੰਘ ਜੱਬਲ।

# ਬੇਘਰ ਔਰਤਾਂ ਲਈ ਰਿਹਾਇਸ਼ ਦੇ ਵਿਕਲਪਾਂ ਦੀ ਘਾਟ ਕਾਰਨ ਵਧ ਰਹੀ ਜਿਣਸੀ ਹਿੰਸਾ-ਸਰਵੇਖਣ

ਵੈਨਕੂਵਰ-ਔਰਤਾਂ ਖਿਲਾਫ ਹਿੰਸਾ ਦੇ ਖਾਤਮੇ ਲਈ ਕੰਮ ਕਰ ਰਹੇ ਇਥੋਂ ਦੇ ਗੈਰ-ਮੁਨਾਫਾ ਸੰਗਠਨ ਨੇ ਕਿਹਾ ਕਿ ਇਕ ਤਾਜ਼ਾ ਸਰਵੇਖਣ ਵਿਚ ਬੇਘਰ ਔਰਤਾਂ ਨੂੰ ਦਰਪੇਸ਼ ਜਿਣਸੀ ਸੋਸ਼ਣ ਦੇ ਪੱਧਰ




ਦੀ ਪੁਸ਼ਟੀ ਹੋਈ ਹੈ ਅਤੇ ਇਹ ਸਵਾਲ ਪੈਦਾ ਹੋ ਰਹੇ ਹਨ ਕਿ ਮੌਜੂਦਾ ਸੇਵਾਵਾਂ ਕਿੰਨੀਆਂ ਪ੍ਰਭਾਵਸ਼ਾਲੀ ਹਨ। ਅਤੀਰਾ ਵੂਮੈਨਜ਼ ਰਿਸੋਰਸ ਸੁਸਾਇਟੀ ਨਵੰਬਰ 2022 ਅਤੇ ਜਨਵਰੀ 2023 ਵਿਚਕਾਰ ਡਾਊਨਟਾਊਨ ਈਸਟਸਾਈਡ ਵਿਚ ਮੇਨ ਅਤੇ ਹੇਸਟਿੰਗਸ ਸਟਰੀਟਸ ਦੇ ਚੌਰਾਹੇ 'ਤੇ ਤੰਬੂਆਂ ਵਿਚ ਰਹਿੰਦੀਆਂ 68 ਔਰਤਾਂ ਨਾਲ ਜੁੜੀ ਹੋਈ ਹੈ। ਗੈਰ-ਮੁਨਾਫਾ ਸੰਗਠਨ ਦੇ ਸੀਈਓ ਜੈਸਿਨ ਐਬਟ ਮੁਤਾਬਿਕ ਇਹ ਗਿਣਤੀ ਆਪਣੇ ਆਪ ਵਿਚ ਹੈਰਾਨ ਕਰਨ ਵਾਲੀ ਹੈ। ਉਨ੍ਹਾਂ ਨੂੰ ਇਹ ਆਸ ਨਹੀਂ ਸੀ ਕਿ ਇੰਨੀਆਂ ਜ਼ਿਆਦਾ ਔਰਤਾਂ ਇਕ ਥਾਂ 'ਤੇ ਹੋਣਗੀਆਂ। ਹਾਲਾਂਕਿ ਸਾਰੀਆਂ ਔਰਤਾਂ ਅਸਲ ਵਿਚ ਪੂਰਾ ਸਮਾਂ ਤੰਬੂਆਂ ਵਿਚ ਨਹੀਂ ਰਹਿ ਰਹੀਆਂ। ਅੰਤਿਮ ਨਤੀਜਿਆਂ ਵਿਚ ਸ਼ਾਮਿਲ 50 ਔਰਤਾਂ ਵਿਚੋਂ 53.6 ਫ਼ੀਸਦੀ ਨੇ ਕਿਹਾ ਕਿ ਉਹ ਤੰਬੂ ਵਿਚ ਸੌਂਦੀਆਂ ਹਨ ਜਦਕਿ 33.8 ਫ਼ੀਸਦੀ ਦਾ ਕਹਿਣਾ ਕਿ ਉਹ ਫੁੱਟਪਾਥ ਜਾਂ ਇਕ ਗਲੀ ਵਿਚ ਸੌਂਦੀਆਂ ਹਨ ਅਤੇ 12.6 ਫ਼ੀਸਦੀ ਨੇ ਕਿਹਾ ਕਿ ਉਹ ਇਕੱਲੇ ਕਮਰੇ ਵਾਲੇ ਯੂਨਿਟ ਵਿਚ ਰਹਿ ਰਹੀਆਂ ਹਨ। ਬਹੁਤੀਆਂ 54.2 ਫ਼ੀਸਦੀ ਨੇ ਕਿਹਾ ਕਿ ਉਹ ਇਨ੍ਹਾਂ ਹਾਲਤਾਂ ਵਿਚ ਘੱਟੋ ਘੱਟ ਇਕ ਸਾਲ ਤੋਂ ਰਹਿ ਰਹੀਆਂ ਹਨ। ਬਹੁਤੀਆਂ ਔਰਤਾਂ ਮਕਾਨ ਪ੍ਰਾਪਤ ਕਰਨ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੀਆਂ ਹਨ। 55 ਫ਼ੀਸਦੀ ਦੇ ਲਗਪਗ ਔਰਤਾਂ ਨੂੰ ਪਿਛਲੇ ਘੱਟੋ ਘੱਟ ਤਿੰਨ ਸਾਲਾਂ ਤੋਂ ਰਹਿਣ ਲਈ ਸੁਰੱਖਿਅਤ ਘਰ ਨਹੀਂ ਜੁੜਿਆ, 30 ਫ਼ੀਸਦੀ ਨੇ ਕਿਹਾ ਕਿ ਉਹ ਘੱਟੋ ਘੱਟ 2 ਸਾਲ ਤੋਂ ਅਤੇ 15.5 ਫ਼ੀਸਦੀ ਨੇ ਕਿਹਾ ਕਿ ਉਹ ਇਕ ਤੋਂ ਦੋ ਸਾਲ ਦੇ ਸਮੇਂ ਤੋਂ ਇਸੇ ਹਾਲਾਤ ਵਿਚ ਰਹਿ ਰਹੀਆਂ ਹਨ।

# ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਦਾ ਮਾਸਿਕ ਕਵੀ ਦਰਬਾਰ

ਸਰੀ, 29 ਮਾਰਚ (ਹਰਦਮ ਮਾਨ)-ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਦਾ ਮਾਸਿਕ ਕਵੀ ਦਰਬਾਰ



ਬੀਤੇ ਐਤਵਾਰ ਨੂੰ ਸੈਂਟਰ ਦੇ ਉਪਰਲੇ ਹਾਲ ਵਿਚ ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੋਇਆ। ਇਸ ਕਵੀ ਦਰਬਾਰ ਵਿਚ ਗੁਰਬਚਨ ਸਿੰਘ ਬਰਾੜ, ਦਰਸ਼ਨ ਸਿੰਘ ਅਟਵਾਲ, ਗੁਰਮੀਤ ਸਿੰਘ ਕਾਲਕਟ, ਗੁਰਮੀਤ ਸਿੰਘ ਸੇਖੋਂ, ਮਨਜੀਤ ਸਿੰਘ ਮੱਲ੍ਹਾ, ਰਵਿੰਦਰ ਕੌਰ ਬੈਂਸ, ਸੁਰਜੀਤ ਸਿੰਘ ਗਿੱਲ, ਮਲੂਕ ਚੰਦ ਕਲੇਰ, ਦਵਿੰਦਰ ਕੌਰ ਜੌਹਲ, ਪ੍ਰਿੰਸੀਪਲ ਸਤਨਾਮ ਸਿੰਘ ਅਤੇ ਰਣਜੀਤ ਸਿੰਘ ਨਿੱਝਰ ਨੇ ਖੂਬ ਰੰਗ ਬੰਨੇ। ਅੰਤ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਇਕ ਕਵਿਤਾ ਰਾਹੀਂ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਬਚਨ ਸਿੰਘ ਬਰਾੜ ਨੇ ਬਾਖੂਬੀ ਨਿਭਾਈ।









# Kerla Hindu Festival Celebrate

As part of Azadi Ka Amrit Mahotsav and International year of millets 2023, the Consulate General of India in Vancouver partnered with Ohm BC and Laxmi Narayan Temple in Surrey to celebrate the Kerala Hindu Cultural Festival on 26 March 2023. The event witnessed participation of more than 1000 people from Indian diaspora, and members of other communities based in British Columbia. Consul General Mr. Manish was the Chief Guest at the event. In his address, Consul General appreciated the efforts of OHM-BC and members of Kerala community to showcase the different aspects of Kerala -like unique cultural heritage, music, dance, cuisine, costumes, customs, rituals and dresses. He highlighted the achievements and contribution of Malayalee diaspora in progress of India and Canada. He also requested the communities to support the newcomers & students to Canada and urged them to be the Cultural Ambassadors of India.



# *Consul General interacts with Indian students in Vancouver*

The Consulate General of India in Vancouver organized an interaction on 29 March 2023 with Indian students studying in British Columbia. Around 50 students from different Universities / Colleges were present on the occasion. Consul General addressed the students and made a presentation giving an overview of India-Canada bilateral and sectoral engagements, various initiatives of the Government viz. G-20 Presidency, International Year of Millets 2023, Mission LiFE, One District One Product initiative, etc. Students were briefed about the functioning of the Consulate, support systems available for their welfare, various consular services and cultural activities. They were also informed about basic Do's and Don'ts to ensure their well-being while pursuing their studies in Canada, especially in British Columbia. This was followed by an interaction session where different queries raised by students were answered by the Consul General and other officers of the Consulate.



***High Commissioner Mr. Sanjay Kumar Verma met with Vancouver Mayor Mr. Ken Sim on 23 March 2023 and thanked him for taking care of Indian diaspora in his jurisdiction & discussed way forward in tech & startup eco-system collaboration.***



### Varishth Yodha award to Joginder Singh Grewal

In a community function in Whitehorse, High Commissioner Mr. Sanjay Kumar Verma felicitated 96 year old Indian Air Force veteran Flight officer Joginder Grewal in the presence of Premier of Yukon Hon Ranj Pillai, Minister Nils Clarke & Indian diaspora. Varishth Yoddha Joginder Singh Grewal shared his journey in Indian Air Force & adopting Yukon as his home over 35 years ago. Yukon is home to over 500, Indian origin people.

# ਸੜਕ 'ਤੇ ਰੋਕਣ ਪਿੱਛੋਂ ਪੁਲਿਸ ਅਫਸਰਾਂ ਦੇ ਮੂੰਹ 'ਤੇ ਥੁੱਕਿਆ

ਐਬਟਸਫੋਰਡ-ਟਰੈਫਿਕ ਉਲੰਘਣਾ ਕਾਰਨ ਪੁਲਿਸ ਅਫਸਰਾਂ ਦੀ ਹਦਾਇਤ ਦੀ ਪਾਲਣਾ ਨਾ ਕਰਨ ਅਤੇ ਗ੍ਰਿਫਤਾਰ ਕਰ ਰਹੇ ਦੋ ਪੁਲਿਸ ਅਫਸਰਾਂ ਦੇ ਮੂੰਹ 'ਤੇ ਥੁੱਕਣ ਪਿੱਛੋਂ ਐਬਟਸਫੋਰਡ ਦੇ18 ਸਾਲਾ ਕਿਸ਼ੋਰ 'ਤੇ ਦੋਸ਼ ਲਗਾਏ ਗਏ ਹਨ। ਐਬਟਸਫੋਰਡ ਪੁਲਿਸ ਵਿਭਾਗ ਦੇ ਮੀਡੀਆ ਮਾਮਲਿਆਂ ਦੇ ਅਧਿਕਾਰੀ ਸਾਰਜੈਂਟ ਪਾਲ ਵਾਕਰ ਨੇ ਦੱਸਿਆ ਕਿ ਘਟਨਾ ਪਿਛਲੇ ਦਿਨੀ ਰਾਤ 11.15 ਵਜੇ ਵਾਪਰੀ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਕਲੀਅਰਬਰੁੱਕ ਰੋਡ ਵਿਖੇ ਸਾਊਥ ਫਰੇਜ਼ਰ ਰਸਤੇ ਦੇ ਨਾਲ ਨਾਲ ਅਧਿਕਾਰੀ ਗਸ਼ਤ ਕਰ ਰਹੇ ਸਨ ਤਾਂ ਉਨ੍ਹਾਂ ਨੇ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਵਾਲੇ ਜ਼ੋਨ ਵਿਚ 105 ਕਿਲੋਮੀਟਰ ਦੀ ਰਫਤਾਰ ਨਾਲ ਕਾਲੇ ਰੰਗ ਦੀ ਹੌਂਡਾ ਕਾਰ ਦੌੜਦੀ ਹੋਈ ਦੇਖੀ। ਪੁਲਿਸ ਨੇ ਜਦੋਂ ਡਰਾਈਵਰ ਨੂੰ ਰੋਕਿਆ ਤਾਂ ਉਸ ਨੇ ਆਪਣੀ ਪਛਾਣ ਦੱਸਣ ਅਤੇ ਆਪਣਾ ਡਰਾਈਵਿੰਗ ਲਾਇਸੰਸ ਦਿਖਾਉਣ ਤੋਂ ਇਨਕਾਰ ਕਰ ਦਿੱਤਾ। ਡਰਾਈਵਰ ਨੂੰ ਆਪਣੇ ਆਪ ਹਦਾਇਤਾਂ ਦੀ ਪਾਲਣਾ ਕਰਨ ਲਈ ਕਈ ਵਾਰ ਕਹੇ ਜਾਣ ਪਿੱਛੋਂ ਉਸ 'ਤੇ ਅਸਰ ਨਾ ਹੋਇਆ ਅਤੇ ਉਸ ਨੇ ਗ੍ਰਿਫਤਾਰ ਕਰ ਰਹੇ ਦੋ ਅਫਸਰਾਂ ਦੇ ਮੂੰਹ 'ਤੇ ਥੁੱਕ ਦਿੱਤਾ। ਸੁੱਖਮਨ ਸਿੱਧੂ ਨਾਂਅ ਦੇ ਇਸ ਕਿਸ਼ੋਰ 'ਤੇ ਪੁਲਿਸ ਅਫਸਰ 'ਤੇ ਹਮਲਾ ਕਰਨ ਤੇ ਰੁਕਾਵਟ ਪਾਉਣ ਦੇ ਦੋਸ਼ ਲਗਾਏ ਗਏ ਹਨ। ਉਸ ਨੂੰ ਤੇਜ਼ ਰਫਤਾਰ ਕਾਰ ਚਲਾਉਣ ਅਤੇ ਮੋਟਰ ਵਹੀਕਲ ਐਕਟ ਦੇ ਹੋਰ ਜ਼ੁਰਮਾਂ ਲਈ ਕੁਲ 816 ਡਾਲਰ ਦਾ ਜ਼ੁਰਮਾਨਾ ਕੀਤਾ ਗਿਆ ਅਤੇ ਉਸ ਦੇ ਮਾਪਿਆਂ ਦੀ ਕਾਰ ਨੂੰ 7 ਦਿਨ ਲਈ ਜ਼ਬਤ ਕਰ ਲਿਆ ਗਿਆ।

cst canadian scholarship trust plan™

C.S.T. Consultants Inc.

BC Helps Parents Boost their Education Savings!



Start saving for your child's future education in a Registered Education Savings Plan (RESP) and receive up to $8,400 in government grants.1

Open a CST RESP now and you'll start receiving the Canada Education Savings grant (CESG). The CESG can add up to $7,200 to your child's RESP.

When your child turns six, they can receive an additional $1,200 from the B.C. Government.



SURJIT S. MADHOPURI
Sales Representative
C.S.T. Consultants Inc., Branch 789
Tel: 604.594.7200 / Cell: 604.377.4171
Email: surjit.madhopuri@cstresp.com
http://www.cstresp.com/6117

1 The Canada Education Savings Grant matches 20% of the first $2,500 you contribute to your child's RESP each year up to a lifetime maximum of $7,200. BC Training and Education Savings Grant (BCTESG) is a one-time $1,200 grant available to BC resident children born on or after January 1st, 2006. Children are eligible for the BCTESG on their sixth birthday. You have until the day before your child's ninth birthday to apply for the BCTESG. Conditions apply. ™ The Canadian Scholarship Trust Plan is a registered trademark of the Canadian Scholarship Trust Foundation.
**The CST Plan is only sold by Prospectus. You can get copies of the prospectus from www.cst.org or by calling 1.877.333.RESP(7377).**
MH1100(2017-04)

## ਸਾਬਕਾ ਰਾਸ਼ਟਰਪਤੀ ਟਰੰਪ ਖ਼ਿਲਾਫ਼ ਅਪਰਾਧਿਕ ਮੁਕਦਮਾ ਚਲਾਉਣ ਦਾ ਫੈਸਲਾ



ਨਿਊਯਾਰਕ-ਮੈਨਹਟਨ ਦੀ ਗ੍ਰੈਂਡ ਜਿਊਰੀ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ 2016 ਵਿੱਚ ਅਮਰੀਕੀ ਰਾਸ਼ਟਰਪਤੀ ਚੋਣ ਮੁਹਿਮ ਦੌਰਾਨ ਚੁੱਪ ਰਹਿਣ ਲਈ ਪੋਰਨ ਸਟਾਰ ਨੂੰ ਕਥਿਤ ਤੌਰ ‘ਤੇ ਪੈਸੇ ਦੇਣ ਦੇ ਦੋਸ਼ ਵਿੱਚ ਮੁਕੱਦਮਾ ਚਲਾਉਣ ਫੈਸਲਾ ਕੀਤਾ ਹੈ। ਇਸ ਨਾਲ ਟਰੰਪ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਦੇਸ਼ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਬਣ ਗਏ ਹਨ। ਟਰੰਪ ਨੇ 2017 ਤੋਂ 2021 ਤੱਕ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਸੇਵਾ ਨਿਭਾਈ। ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਸੂਤਰਾਂ ਨੇ ਦੱਸਿਆ ਕਿ ਟਰੰਪ ਦੇ ਸੋਮਵਾਰ ਨੂੰ ਅਦਾਲਤ ਵਿੱਚ ਪੇਸ਼ ਹੋਣ ਦੀ ਸੰਭਾਵਨਾ ਹੈ। ਸੁਣਵਾਈ ਸੰਖੇਪ ਹੋਣ ਦੀ ਸੰਭਾਵਨਾ ਹੈ ਜਿਸ ਵਿੱਚ ਉਸ ਵਿਰੁੱਧ ਦੋਸ਼ਾਂ ਨੂੰ ਪੜ੍ਹ ਕੇ ਸੁਣਾਇਆ ਜਾਵੇਗਾ। ਟਰੰਪ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

# ਸਿੰਘ ਸਾਹਿਬ ਨੂੰ ਇਟਲੀ ਆਉਣ ਦਾ ਸੱਦਾ ਪੱਤਰ ਦਿੱਤਾ

## ਇਟਲੀ ਤੋਂ ਪੰਜਾਬ ਗਏ ਸਿੱਖ ਨੌਜਵਾਨਾਂ ਨੇ ਸ੍ਰੀ ਅੰਮ੍ਰਿਤਸਰ ਵਿਖੇ ਕੀਤੀ ਮੁਲਾਕਾਤ

ਰੋਮ, ਇਟਲੀ (ਗੁਰਸ਼ਰਨ ਸਿੰਘ ਸੋਨੀ) -ਬੀਤੇ ਦਿਨੀਂ ਇਟਲੀ ਤੋਂ ਪੰਜਾਬ ਗਏ ਸਿੱਖ ਨੌਜਵਾਨਾਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਜਿਸ ਵਿੱਚ ਇਟਲੀ ਦੇ ਗੁਰਦੁਆਰਾ ਸੰਗਤ ਸਭਾ ਤੈਰਾਨੋਵਾ (ਆਰੈਸੋ) ਦੇ ਸੈਕਟਰੀ ਹਰਪ੍ਰੀਤ ਸਿੰਘ ਜ਼ੀਰਾ ਅਤੇ ਉਨ੍ਹਾਂ ਦੇ ਨਾਲ ਸਿੱਖ ਨੌਜਵਾਨ ਮੌਜੂਦ ਸਨ। ਇਸ ਮੌਕੇ ਉਨ੍ਹਾਂ ਵਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰਦੁਆਰਾ ਸੰਗਤ ਸਭਾ ਤੈਰਾਨੋਵਾ (ਆਰੈਸੋ) ਵਿਖੇ ਸਜਾਏ ਜਾਣ ਵਾਲੇ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰਨ ਲਈ ਸੱਦਾ ਪੱਤਰ ਦਿੱਤਾ ਗਿਆ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਗੁਰਦੁਆਰਾ ਸੰਗਤ ਸਭਾ ਤੈਰਾਨੋਵਾ (ਆਰੈਸੋ) ਦੇ ਸੈਕਟਰੀ ਹਰਪ੍ਰੀਤ ਸਿੰਘ ਜ਼ੀਰਾ ਨੇ ਦੱਸਿਆ ਕਿ ਲੰਮਾਂ ਸਮਾਂ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸਿੱਖ ਧਰਮ ਬਾਰੇ ਅਤੇ ਇਟਲੀ ਵਿੱਚ ਸਿੱਖ ਧਰਮ ਦੀਆਂ ਸਰਗਰਮੀਆਂ ਵਾਰੇ ਵੀ ਵਿਚਾਰਾਂ ਕੀਤੀਆਂ ਗਈਆਂ। ਜ਼ਿਕਰਯੋਗ ਹੈ ਕਿ ਇਟਲੀ ਤੋਂ ਹਰਪ੍ਰੀਤ ਸਿੰਘ ਜੋ ਕਿ ਗੁਰਦੁਆਰਾ ਸਾਹਿਬ ਦੇ ਸੈਕਟਰੀ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਥੇ ਉਹ ਇਟਲੀ ਵਿੱਚ ਸਿੱਖ ਧਰਮ ਨੂੰ ਰਜਿਸਟਰਡ ਕਰਵਾਉਣ ਦੇ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਆ ਰਹੇ ਹਨ। ਇਸ ਮੌਕੇ ਭਾਈ ਨਵਤੇਜ ਸਿੰਘ



ਕਥਾਵਾਚਕ ਮੰਜੀ ਸਾਹਿਬ ਦਰਬਾਰ ਸਾਹਿਬ ਅੰਮ੍ਰਿਤਸਰ, ਕਰਨੈਲ ਸਿੰਘ ਪੀਰਮੁਹੰਮਦ ਬੁਲਾਰਾ ਅਤੇ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅਤੇ ਕੌਆਰਡੀਨੇਟਰ 16 ਮੈਬਰੀ ਸ੍ਰੀ ਅਕਾਲ ਤਖਤ ਸਾਹਿਬ ਪੰਥਕ ਕਮੇਟੀ ਆਦਿ ਹਾਜ਼ਰ ਸਨ।

# ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਚੋਹਲਾ ਸਾਹਿਬ ਦੀ ਹੋਈ ਚੋਣ-ਮਾਸਟਰ ਅਵਤਾਰ ਸਿੰਘ ਬਣੇ ਜਥੇਬੰਧਕ ਮੁਖੀ

ਚੋਹਲਾ ਸਾਹਿਬ/ਤਰਨਤਾਰਨ (ਰਾਕੇਸ਼ ਨਈਅਰ)- ਵਹਿਮਾਂ-ਭਰਮਾਂ ਤੇ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਸੰਘਰਸ਼ਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਚੋਹਲਾ ਸਾਹਿਬ ਦੀ ਸੋਮਵਾਰ ਨੂੰ ਵਿਸ਼ੇਸ਼ ਮੀਟਿੰਗ ਇੱਥੇ ਮਾਸਟਰ ਅਵਤਾਰ ਸਿੰਘ ਚੋਹਲਾ ਦੀ ਪ੍ਰਧਾਨਗੀ ਹੇਠ ਹੋਈ,ਜਿਸ ਵਿਚ ਪਿਛਲੇ ਦੋ ਸਾਲਾਂ ਦੀਆਂ ਸਰਗਰਮੀਆਂ ‘ਤੇ ਵਿਚਾਰ ਚਰਚਾ ਹੋਈ ਅਤੇ ਭਵਿੱਖ ਵਿੱਚ ਹੋਣ ਵਾਲੇ ਕੰਮਾਂ ਦੀ ਰਣਨੀਤੀ ਬਣਾਈ ਗਈ।ਅਗਲੇ ਦੋ ਸਾਲਾਂ 2023-25 ਲਈ ਨਵੀਂ ਕਮੇਟੀ ਦੀ ਚੋਣ ਕਰਵਾਉਣ ਲਈ ਜੋਨ ਮੁੱਖੀ ਰਜਵੰਤ ਬਾਗੜੀਆਂ ਇਸ ਮੌਕੇ ਵਿਸ਼ੇਸ਼ ਤੌਰ ‘ਤੇ ਪਹੁੰਚੇ।ਇਸ ਮੀਟਿੰਗ ਦੌਰਾਨ ਪਹਿਲੀ ਕਮੇਟੀ ਭੰਗ ਕਰਨ ਉਪਰੰਤ ਸਰਬਸੰਮਤੀ ਨਾਲ ਅਗਲੇ ਦੋ ਸਾਲਾਂ ਲਈ ਨਵੀਂ ਕਮੇਟੀ ਗਠਿੱਤ ਕੀਤੀ ਗਈ।ਨਵੀਂ ਬਣੀ ਕਮੇਟੀ ਵਿੱਚ ਮਾਸਟਰ ਅਵਤਾਰ ਸਿੰਘ ਚੋਹਲਾ ਜਥੇਬੰਦਕ ਮੁਖੀ,ਸੁਖਵਿੰਦਰ ਸਿੰਘ ਖਾਰਾ ਵਿੱਤ ਤੇ ਮੈਗਜ਼ੀਨ ਵਿਭਾਗ ਮੁਖੀ,ਮਾਸਟਰ ਕਸ਼ਮੀਰ ਸਿੰਘ ਚੋਹਲਾ ਮੀਡੀਆ ਮੁਖੀ,ਮਾਸਟਰ



ਦਲਬੀਰ ਸਿੰਘ ਚੰਬਾ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਦੇ ਮੁਖੀ ਅਤੇ ਬਲਬੀਰ ਸਿੰਘ ਚੋਹਲਾ ਦੀ ਸਭਿਆਚਾਰ ਵਿਭਾਗ ਮੁਖੀ ਵਜੋਂ ਚੋਣ ਕੀਤੀ ਗਈ।ਇਸ ਮੌਕੇ ਪ੍ਰਿੰਸੀਪਲ ਮਦਨ ਪਠਾਣੀਆਂ,ਕਾਮਰੇਡ ਬਲਵਿੰਦਰ ਸਿੰਘ ਬਿੱਲਿਆਂ ਵਾਲਾ,ਕਾਮਰੇਡ ਬਾਜ਼ ਸਿੰਘ ਗੰਡੀਵਿੰਡ,ਮਾਸਟਰ ਗੁਰਨਾਮ ਸਿੰਘ ਧੁੰਨ,ਹਰਭਜਨ ਸਿੰਘ, ਜਗਜੀਤ ਸਿੰਘ,ਸੁਖਚੈਨ ਸਿੰਘ ਖਾਰਾ,ਦਿਲਬਾਗ ਸਿੰਘ,ਨਿਸ਼ਾਨ ਸਿੰਘ,ਕਾਰਜ ਸਿੰਘ ਬ੍ਰਹਮਪੁਰਾ ਆਦਿ ਵਿਸ਼ੇਸ਼ ਤੌਰ ‘ਤੇ ਹਾਜ਼ਰ ਹੋਏ।ਇਸ ਮੌਕੇ ਇਕਾਈ ਦੇ ਨਵੇਂ ਚੁਣੇ ਜਥੇਬੰਧਕ ਮੁਖੀ ਮਾਸਟਰ ਅਵਤਾਰ ਸਿੰਘ ਨੇ ਦੱਸਿਆ ਕਿ ਜੋਨ ਦੇ 16 ਅਪਰੈਲ ਨੂੰ ਅੰਮ੍ਰਿਤਸਰ ਅਤੇ ਸਟੇਟ ਦੇ 30 ਅਪਰੈਲ ਨੂੰ ਬਰਨਾਲੇ ਹੋਣ ਵਾਲੇ ਚੋਣ ਇਜਲਾਸ ਵਿਚ ਇਕਾਈ ਚੋਹਲਾ ਦੇ ਡੈਲੀਗੇਟ ਭਾਗ ਲੈਣਗੇ।ਇਸ ਮੌਕੇ ਤਰਕਸ਼ੀਲਾਂ ਵਲੋਂ ਇਲਾਕੇ ਭਰ ਦੇ ਪਾਖੰਡੀ ਸਾਧਾਂ,ਤਾਂਤਰਿਕਾਂ,ਜੋਤਸ਼ੀਆਂ ਨੂੰ ਚਿਤਵਾਨੀ ਭਰੇ ਲਹਿਜੇ ਵਿਚ ਕਿਹਾ ਗਿਆ ਕਿ ਜਾਂ ਤਾਂ ਤਰਕਸ਼ੀਲ ਸੁਸਾਇਟੀ ਵਲੋਂ ਰੱਖੀਆਂ ਸ਼ਰਤਾਂ ਵਿਚੋਂ ਕੋਈ ਵੀ ਇਕ ਸ਼ਰਤ ਪੂਰੀ ਕਰਕੇ ਪੰਜ ਲੱਖ ਦਾ ਨਕਦ ਇਨਾਮ ਜਿੱਤਣ ਜਾਂ ਲੁੱਟ ਦੀਆਂ ਦੁਕਾਨਾਂ ਬੰਦ ਕਰਨ।ਉਨਾਂ ਵਲੋਂ ਆਮ ਜਨਤਾ ਨੂੰ ਹਰ ਗੱਲ ਨੂੰ ਤਰਕ ਦੀ ਕਸੌਟੀ ‘ਤੇ ਪਰਖਣ ਤੋਂ ਬਾਅਦ ਹੀ ਮੰਨਣ ਦੀ ਅਪੀਲ ਕੀਤੀ ਗਈ।




# ਫੈਮਿਲੀ ਲਾਅ ਐਕਟ ’ਚ ਤਬਦੀਲੀਆਂ ਨਾਲ ਵੱਖ ਹੋ ਰਹੇ ਜੋੜਿਆਂ ਨੂੰ ਹੋਵੇਗੀ ਸੌਖ

ਵਿਕਟੋਰੀਆ-‘ਫੈਮਿਲੀ ਲਾਅ ਐਕਟ’ ਵਿੱਚ ਪ੍ਰਸਤਾਵਿਤ ਸੋਧਾਂ, ਵੱਖ ਹੋਣ ਵਾਲੇ ਜੋੜਿਆਂ ਦੀਆਂ ਅੱਜ-




ਕੱਲ੍ਹ ਦੀਆਂ ਆਧੁਨਿਕ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਨ ਲਈ, ਪਾਲਤੂ ਜਾਨਵਰਾਂ, ਜਾਇਦਾਦ ਅਤੇ ਪੈਨਸ਼ਨਾਂ ਨਾਲ ਸੰਬੰਧਤ ਕਾਨੂੰਨ ਨੂੰ ਸਪਸ਼ਟ ਕਰਨਗੀਆਂ।” ਅਟਰਨੀ ਜਨਰਲ ਨਿੱਕੀ ਸ਼ਰਮਾ ਨੇ ਕਿਹਾ ਕਿ ਵੱਖ ਹੋਣ ਦੀ ਪ੍ਰਕਿਰਿਆ (ਸੈਪਰੇਸ਼ਨ) ਜਾਂ ਤਲਾਕ ਵਿੱਚੋਂ ਲੰਘਣਾ ਇੱਕ ਬਹੁਤ ਹੀ ਮੁਸ਼ਕਲ ਅਨੁਭਵ ਹੋ ਸਕਦਾ ਹੈ। ਵੱਖ ਹੋਣ ਦੀ ਪ੍ਰਕਿਰਿਆ ਵਿੱਚੋਂ ਲੰਘ ਰਹੇ ਜੋੜਿਆਂ ਲਈ ਜੀਵਨ ਨੂੰ ਅਸਾਨ ਬਣਾਉਣ ਵਿੱਚ ਮਦਦ ਕਰਨ ਲਈ ਅਸੀਂ ਫੈਮਿਲੀ ਲਾਅ ਐਕਟ ਵਿੱਚ ਸੋਧਾਂ ਪੇਸ਼ ਕਰ ਰਹੇ ਹਾਂ, ਜੋ ਅੱਜ ਦੇ ਲੋਕਾਂ ਦੀਆਂ ਤਰਜੀਹਾਂ ਅਤੇ ਕਦਰਾਂ-ਕੀਮਤਾਂ ਨੂੰ ਬਿਹਤਰ ਢੰਗ ਨਾਲ ਦਰਸਾਉਂਦੀਆਂ ਹਨ, ਜਿਸ ਵਿੱਚ ਵੱਖ ਹੋਣ ਦੀ ਪ੍ਰਕਿਰਿਆ ਵਿੱਚ ਪਾਲਤੂ ਜਾਨਵਰਾਂ ਦੀ ਪਰਿਵਾਰਾਂ ਵਿੱਚ ਅਹਿਮ ਭੂਮਿਕਾ ਨੂੰ ਧਿਆਨ ਵਿੱਚ ਰੱਖਣਾ ਯਕੀਨੀ ਬਣਾਇਆ ਜਾਵੇਗਾ। ਜੇਕਰ ਪਾਸ ਹੋ ਜਾਂਦੀਆਂ ਹਨ, ਤਾਂ ਇਹ ਸੋਧਾਂ ਪਾਲਤੂ ਜਾਨਵਰਾਂ ਦੀ ਮਲਕੀਅਤ ਅਤੇ ਕਿਹੜੀ ਪਾਰਟੀ ਉਹਨਾਂ ਨੂੰ ਆਪਣੇ ਕੋਲ ਰੱਖੇਗੀ, ਇਹ ਨਿਰਧਾਰਤ ਕਰਨ ਵਿੱਚ ਵੱਖ ਹੋ ਰਹੀਆਂ ਪਾਰਟੀਆਂ ਅਤੇ ਜੱਜਾਂ ਲਈ ਵਧੇਰੇ ਮਾਰਗਦਰਸ਼ਨ ਪ੍ਰਦਾਨ ਕਰਨਗੀਆਂ।

# ਮੋਟਰ ਗੱਡੀ ਚੋਰੀ ਲਈ ਦੋਸ਼ੀ ਠਹਿਰਾਏ ਜਾਣ ਤੋਂ ਇਕ ਦਿਨ ਪਿਛੋਂ ਵਿਅਕਤੀ ’ਤੇ ਫਿਰ ਦੋਸ਼ ਲਗਾਏ

ਐਬਟਸਫੋਰਡ-ਇਕ ਮਸ਼ਹੂਰ ਅਪਰਾਧੀ ਜਿਸ ਨੂੰ ਮੋਟਰ ਗੱਡੀ ਦੇ ਚੋਰੀ ਕਰਨ ਲਈ ਦੋਸ਼ੀ ਕਰਾਰ ਦਿੱਤਾ ਸੀ ਨੂੰ ਇਕ ਵਾਰ ਫਿਰ ਐਬਟਸਫੋਰਡ ਵਿਚ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ ਜਦੋਂ ਉਹ ਇਕ ਹੋਰ ਚੋਰੀ ਕੀਤੀ ਕਾਰ ਨੂੰ ਨਸ਼ੇ ਵਿਚ ਟੱਲੀ ਹੋ ਕੇ ਚਲਾ ਰਿਹਾ ਸੀ। ਐਬਟਸਫੋਰਡ ਪੁਲਿਸ ਵਿਭਾਗ ਨਾਲ ਜੁੜੇ ਮੀਡੀਆ ਰਿਲੇਸ਼ਨਜ਼ ਅਫਸਰ



ਸਾਰਜੈਂਟ ਪਾਲ ਵਾਕਰ ਨੇ ਦੱਸਿਆ ਕਿ ਘਟਨਾ ਸ਼ਾਮ 6.15 ਵਜੇ ਸ਼ੁਰੂ ਹੋਈ ਜਦੋਂ ਗਸ਼ਤ ਕਰ ਰਹੇ ਅਫਸਰਾਂ ਨੇ ਵਿਕਟੋਰੀਆ ਸਟਰੀਟ ਦੇ 2800 ਬਲਾਕ ਵਿਚ ਚੋਰੀ ਕੀਤੀ ਟੋਇਟਾ 4 ਰਨਰ ਨੂੰ ਚਲਾਉਂਦੇ ਸਮੇਂ ਫੜਿਆ। ਅਧਿਕਾਰੀਆਂ ਨੇ ਸਾਊਥ ਫਰੇਜ਼ਰ ਵੈਲੀ ਦੇ 31900 ਬਲਾਕ ਵਿਚ ਕਾਰ ਦੇ ਰੁਕਣ ਤਕ ਇਕ ਨਿਸ਼ਾਨ ਰਹਿਤ ਕਾਰ ਵਿਚ ਉਸ ਦਾ ਪਿੱਛਾ ਕੀਤਾ। ਡਰਾਈਵਰ ਨੇ ਦੌੜਨ ਦੀ ਕੋਸ਼ਿਸ਼ ਕੀਤੀ ਪਰ ਥੋੜੀ ਦੇਰ ਪਿੱਛਾ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਕਾਰ ਵਿਚ ਸਵਾਰ ਔਰਤ ਯਾਤਰੀ ਨੂੰ ਵੀ ਗ੍ਰਿਫਤਾਰ ਕਰ ਲਿਆ ਪਰ ਬਾਅਦ ਵਿਚ ਛੱਡ ਦਿੱਤਾ ਗਿਆ। ਡਰਾਈਵਰ ਦੀ ਪਛਾਣ 47 ਸਾਲਾ ਅਲਬਰਟ ਫੌਂਟੇਨ ਵਜੋਂ ਕੀਤੀ ਗਈ। ਉਸ ਤੋਂ ਚੋਰੀ ਦੀ ਪ੍ਰਾਪਰਟੀ ਕੋਲ ਰੱਖਣ, ਨਸ਼ਾ ਕਰਕੇ ਡਰਾਈਵਿੰਗ ਕਰਨ, ਸਾਹ ਦਾ ਨਮੂਨਾ ਦੇਣ ਤੋਂ ਇਨਕਾਰ ਕਰਨ, ਰਿਲੀਜ਼ ਆਰਡਰ ਦੀ ਉਲੰਘਣਾ ਅਤੇ ਮਨਾਹੀ ਕੀਤੇ ਹੋਣ ’ਤੇ ਡਰਾਈਵਿੰਗ ਕਰਨ ਦੇ ਦੋਸ਼ ਲਗਾਏ ਗਏ ਹਨ। ਫੌਂਟੇਨ ਨੂੰ ਇਕ ਦਿਨ ਪਹਿਲਾਂ ਹੀ 12 ਮਹੀਨੇ ਡਰਾਈਵਿੰਗ ਕਰਨ ਦੀ ਮਨਾਹੀ ਦੀ ਸਜ਼ਾ ਸੁਣਾਈ ਗਈ ਸੀ।

# ਕ੍ਰਿਪਟੋਕਰੰਸੀ ਘੁਟਾਲੇ ’ਚ ਮਿਸ਼ਨ ਵਾਸੀ ਵਿਅਕਤੀ ਨੇ ਗੁਆਏ 30000 ਡਾਲਰ-ਆਰਸੀਐਮਪੀ

ਸਰੀ-ਮਿਸ਼ਨ ਆਰਸੀਐਮਪੀ ਨੇ ਦੱਸਿਆ ਕਿ ਇਥੋਂ ਦੇ ਇਕ ਵਿਅਕਤੀ ਨੇ ਕ੍ਰਿਪਟੋਕਰੰਸੀ ਦੀ ਲੜੀਵਾਰ ਖਰੀਦਦਾਰੀ ਵਿਚ ਨਿਵੇਸ਼ ਕਰਨ ਲਈ ਮਨਾ ਲਏ ਜਾਣ ਪਿੱਛੋਂ ਘੁਟਾਲੇ ਵਿਚ 30000 ਡਾਲਰ ਗੁਆਏ ਹਨ। ਡਿਟੈਚਮੈਂਟ ਦੀ ਹਫਤਾਵਾਰ ਕਰਾਈਮ ਰਿਪੋਰਟ ਵਿਚ ਪੁਲਿਸ ਨੇ ਦੱਸਿਆ ਕਿ ਕੰਪਨੀ ਨੇ ਯੂਰਪ ਵਿਚ ਹੋਣ ਦਾ ਬਹਾਨਾ ਬਣਾ ਕੇ ਵਿਅਕਤੀ ਨੂੰ ਕ੍ਰਿਪਟੋਕਰੰਸੀ ਵਿਚ ਨਿਵੇਸ਼ ਕਰਨ ਲਈ ਮਨਾ ਲਿਆ ਅਤੇ ਜਾਅਲੀ ਨਤੀਜੇ ਦਿਖਾ ਦਿੱਤੇ ਜਿਨ੍ਹਾਂ ਵਿਚ ਮੁਨਾਫਾ ਦਿਖਾਇਆ ਗਿਆ ਸੀ। ਜਦੋਂ ਵਿਅਕਤੀ ਨੇ ਆਪਣੇ ਪੈਸੇ ਵਾਪਸ ਲੈਣ ਲਈ ਕਿਹਾ ਤਾਂ ਉਸ ਨੇ ਮਹਿਸੂਸ ਕੀਤਾ ਕਿ ਇਹ ਘੁਟਾਲਾ ਸੀ ਜਿਸ ਸਬੰਧੀ ਉਸ ਨੇ ਆਰਸੀਐਮਪੀ ਨੂੰ ਸ਼ਿਕਾਇਤ ਕੀਤੀ। ਪੁਲਿਸ ਨੇ ਦੱਸਿਆ ਕਿ ਅਸਲ ਵਿਚ ਕੰਪਨੀ ਨੇ ਕੋਈ ਨਿਵੇਸ਼ ਕੀਤਾ ਹੀ ਨਹੀਂ ਅਤੇ ਪੈਸੇ ਹਵਾ ਵਿਚ ਹੋ ਗਏ। ਇਸੇ ਦੌਰਾਨ ਪਿਛਲੇ ਦਿਨੀ ਇਕ ਔਰਤ ’ਤੇ ਦੋ ਵਿਅਕਤੀਆਂ ਨੇ ਹਮਲਾ ਕੀਤਾ ਅਤੇ ਮਿਸ਼ਨ ਦੇ ਇਕ ਗਰੌਸਰੀ ਸਟੋਰ ਦੇ ਬਾਹਰੋਂ ਉਸ ਦੀ ਕਾਰ ਚੋਰੀ ਕਰ ਲਈ। ਔਰਤ ਨੂੰ ਮਾਮੂਲੀ ਜ਼ਖ਼ਮਾਂ ਕਾਰਨ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਕਾਰ ਇਲਾਕੇ ਵਿਚੋਂ ਭਜਾ ਲਈ ਅਤੇ ਫਸਟ ਐਵੀਨਿਊ ਅਤੇ ਆਲਡਰ ਸਟਰੀਟ ਨੇੜੇ ਇਕ ਖੜੇ ਟਰੱਕ ਵਿਚ ਜਾ ਵੱਜੀ। ਅਧਿਕਾਰੀਆਂ ਨੇ ਅਲਬਰਟਾ ਦੇ 19 ਸਾਲਾ ਡਰਾਈਵਰ ਨੂੰ ਕਈ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਜਿਸ ਵਿਚ ਡਕੈਤੀ ਤੇ ਚੋਰੀ ਦਾ ਸੰਪਤੀ ਕੋਲ ਰੱਖਣ ਦਾ ਵੀ ਦੋਸ਼ ਹੈ।






# ਜਦੋਂ ਕਪਿਲ ਸ਼ਰਮਾ ਨੂੰ ਪਿਤਾ ਤੋਂ ਪਈ ਸੀ ਕੁੱਟ

ਮੁੰਬਈ-ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਨੇ ਆਪਣੇ ਬਚਪਨ ਦੀਆਂ ਯਾਦਾਂ ਤਾਜ਼ੀਆਂ ਕਰਦਿਆਂ ਪਿਤਾ ਵੱਲੋਂ ਪਈ ਕੁੱਟ ਦਾ ਕਿੱਸਾ ਸਾਂਝਾ ਕੀਤਾ ਹੈ। ਕਪਿਲ ਦੇ ਪਿਤਾ ਮਰਹੂਮ ਜਤਿੰਦਰ ਕੁਮਾਰ ਪੁੰਜ ਪੰਜਾਬ ਪੁਲੀਸ ਵਿੱਚ ਹੈੱਡ ਕਾਂਸਟੇਬਲ ਸਨ। ਕਪਿਲ ਨੇ ਦੱਸਿਆ ਕਿ ਉਸ ਦੇ ਪਿਤਾ ਨੇ ਉਸ ਨੂੰ ਇਸ ਤਰੀਕੇ ਕੁੱਟਿਆ ਸੀ ਕਿ ਉਸ ਦੀ ਪੂਰੀ ਕਾਲੋਨੀ ਨੇ ਇਹ ਨਜ਼ਾਰਾ ਦੇਖਿਆ ਸੀ। ਹਾਲ ਹੀ ’ਚ ‘ਦਿ ਕਪਿਲ ਸ਼ਰਮਾ ਸ਼ੋਅ’ ਦੇ ਪ੍ਰੋਮੋ ਦੌਰਾਨ ਮੇਜ਼ਬਾਨ ਨੇ ਸ਼ੋਅ ਦੇ ਸੈਲੇਬ੍ਰਿਟੀ ਗੈਸਟ ਤੇ ਮਸ਼ਹੂਰ ਅਦਾਕਾਰ ਰਾਜ ਬੱਬਰ ਨਾਲ ਆਪਣੇ ਬਚਪਨ ਨਾਲ ਜੁੜਿਆ ਇਹ ਕਿੱਸਾ ਸਾਂਝਾ ਕੀਤਾ ਹੈ। ਉਸ ਨੇ ਦੱਸਿਆ, “ਜਦੋਂ ਮੈਂ ਪੰਦਰਾਂ ਸਾਲਾਂ ਦਾ ਸੀ ਤਾਂ ਮੇਰੇ ਪਿਤਾ ਆਪਣੇ ਦੋਸਤ ਨਾਲ ਪੁਲੀਸ ਦੀ ਜੀਪ ਵਿੱਚ ਘਰ ਆਏ ਸਨ ਤੇ ਗੱਡੀ ਦੀ ਚਾਬੀ ਮੇਜ਼ ਉੱਤੇ ਰੱਖ ਕੇ ਕਮਰੇ ਅੰਦਰ ਚਲੇ ਗਏ। ਮੈਂ ਬੜੀ ਉਤਸੁਕਤਾ ਨਾਲ ਚਾਬੀ ਚੁੱਕੀ ਤੇ ਗੱਡੀ ਸਟਾਰਟ ਕਰ ਲਈ। ਮੈਨੂੰ ਪਤਾ ਨਹੀਂ ਲੱਗਿਆ ਕਿ ਗੱਡੀ ਦਾ ਕਦੋਂ ਪਿੱਛੇ ਖੜ੍ਹੇ ਸਬਜ਼ੀ ਵੇਚਣ ਵਾਲੇ ਦੇ ਰੇਹੜੇ ਵਿੱਚ ਜਾ ਵੱਜੀ ਤੇ ਸਬਜ਼ੀ ਵਾਲੇ ਦੇ ਘੀਆ ਬੜੇ ਫਿਲਮੀ ਅੰਦਾਜ਼ ਵਿੱਚ ਖਿੱਲ੍ਹਰੀਆਂ ਸਨ।“ ਕਪਿਲ ਨੇ ਦੱਸਿਆ ਕਿ ਉਸ ਨੇ ਉਮੀਦ ਕੀਤੀ ਸੀ ਕਿ ਦੂਜੇ ਮਾਪਿਆਂ ਦੀ ਤਰ੍ਹਾਂ ਉਸ ਦੇ ਪਿਤਾ ਵੀ ਉਸ ਦਾ ਹਾਲ ਜਾਣਨਗੇ ਪਰ ਇਸ ਤੋਂ ਪਹਿਲਾਂ ਕਿ ਉਹ ਘੀਆ ਇਕੱਠੇ ਕਰਦਾ ਤੇ ਕੁਝ ਦੱਸਦਾ ਉਸ ਦੇ ਪਿਤਾ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

# 14 ਅਪ੍ਰੈਲ ਨੂੰ ਰਿਲੀਜ਼ ਹੋਵੇਗੀ ‘ਉਡੀਕਾਂ ਤੇਰੀਆਂ’

## ਜਸਵਿੰਦਰ ਭੱਲਾ, ਅਮਰ ਨੂਰੀ ਸਮੇਤ ਕਈ ਦਿੱਗਜ਼ ਅਦਾਕਾਰ ਦਿਖਾਉਣਗੇ ਆਪਣੀ ਕਲਾਕਾਰੀ

ਮੋਹਾਲੀ-ਪੰਜਾਬੀ ਅਦਾਕਾਰਾ ਅਤੇ ਗਾਇਕਾ ਅਮਰ ਨੂਰੀ ਆਉਣ ਵਾਲੀ ਪੰਜਾਬ ਫ਼ਿਲਮ ‘ਉਡੀਕਾਂ ਤੇਰੀਆਂ’ ਵਿੱਚ ਅਹਿਮ ਕਿਰਦਾਰ ਨਿਭਾਉਂਦੇ ਦਿਖਾਈ ਦੇਣਗੇ। ਇਸ ਫਿਲਮ ਵਿੱਚ ਅਦਾਕਾਰਾ ਤੋਂ ਇਲਾਵਾਂ ਜਸਵਿੰਦਰ ਭੱਲਾ, ਵਿੰਦੂ ਦਾਰਾ ਸਿੰਘ ਸੀਮਾ ਕੌਸ਼ਲ, ਪੁਖਰਾਜ ਭੱਲਾ, ਹਾਰਬੀ ਸੰਘਾ ਅਤੇ ਕਈ ਹੋਰ ਦਿੱਗਜ਼ ਕਲਾਕਾਰ ਦਿਖਾਈ ਦੇਣਗੇ। ਉਡੀਕਾਂ ਤੇਰੀਆਂ ਦੋ ਲੋਕਾਂ ਦਾ ਇੱਕ ਇਮੋਸ਼ਨਲ ਡਰਾਮਾ ਹੈ ਜੋ ਆਪਣੇ ਗੁੰਮ ਹੋਏ ਸਾਥੀ ਦੀ ਭਾਲ ਵਿੱਚ ਹੁੰਦੇ ਹਨ। ਪਿਆਰ, ਅਤੀਤ, ਨਵੀਂ ਕਿਸਮਤ ਅਤੇ ਸਮਾਜ ਦੀ ਸੋਚ ਸਮੇਤ ਹੋਰ ਕਈ ਪਹਿਲੂਆਂ ਨੂੰ ਦਰਸਾਉਂਦੀ ਇਸ ਫ਼ਿਲਮ ਨੂੰ ਤੁਸੀਂ ਖ਼ੂਬ ਪਸੰਦ ਕਰੋਗੇ। ਦੱਸ ਦੇਈਏ ਕਿ ਇਹ ਫ਼ਿਲਮ 14 ਅਪ੍ਰੈਲ ਨੂੰ ਰਿਲੀਜ਼ ਹੋ ਰਹੀ ਹੈ ਅਤੇ ਦਰਸ਼ਕਾਂ ਵਲੋਂ ਫ਼ਿਲਮ ਦਾ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾ ਰਿਹਾ ਹੈ। ਇਹ ਫ਼ਿਲਮ ਮੁਕੇਸ਼ ਸ਼ਰਮਾ ਅਤੇ ਸਾਗੀ ਏ. ਅਗਨੀਹੋਤਰੀ ਵਲੋਂ ਪ੍ਰੋਡਿਊਸ ਕੀਤੀ ਗਈ ਹੈ।




# ਅੰਮ੍ਰਿਤਪਾਲ ਸਿੰਘ ਵੱਲੋਂ ਵੀਡੀਓ ਰਾਹੀ ਚੜ੍ਹਦੀ ਕਲਾ ਵਿਚ ਹੋਣ ਦਾ ਸੁਨੇਹਾ

ਸਫ਼ਾ 1 ਦੀ ਬਾਕੀ

ਕਿਹਾ ਕਿ ਜੇ ਅਸੀਂ ਇਸ ਵੇਲੇ ਵੀ ਘਰਾਂ ਵਿਚ ਬੈਠੇ ਰਹੇ ਤਾਂ ਆਉਣ ਵਾਲੀ ਪੀੜ੍ਹੀ ਕਦੇ ਮੁਆਫ਼ ਨਹੀਂ ਕਰੇਗੀ। ਅੰਮ੍ਰਿਤਪਾਲ ਨੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਨੇ ਫੜੇ ਗਏ ਸਿੰਘਾਂ ਦੀ ਰਿਹਾਈ ਲਈ ਸਰਕਾਰ ਨੂੰ 24 ਘੰਟੇ ਦਾ ਅਲਟੀਮੇਟਮ ਦਿੱਤਾ, ਪਰ ਸਰਕਾਰ ਨੇ ਜਥੇਦਾਰ ਦੇ ਅਲਟੀਮੇਟਮ ਨੂੰ ਬੜੇ ਘਟੀਆ ਢੰਗ ਨਾਲ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਜਥੇਦਾਰ ਨੂੰ ਹੁਣ ਸਖ਼ਤ ਸਟੈਂਡ ਲੈਣਾ ਚਾਹੀਦਾ ਹੈ ਤੇ ਵਿਸਾਖੀ ‘ਤੇ ਸਰਬੱਤ ਖ਼ਾਲਸਾ ਸੱਦਣਾ ਚਾਹੀਦਾ ਹੈ। ਅੰਮ੍ਰਿਤਪਾਲ ਨੇ ਜਥੇਬੰਦੀ ਖ਼ਿਲਾਫ਼ ਕਾਰਵਾਈ ਨੂੰ ਸਿੱਖ ਕੌਮ ‘ਤੇ ਹਮਲਾ ਦੱਸਿਆ ਹੈ। ਉਹ ਆਖਦਾ ਹੈ ਕਿ 18 ਮਾਰਚ ਤੋਂ ਬਾਅਦ ਇੰਟਰਨੈੱਟ ਬੰਦ ਹੋ ਗਿਆ ਅਤੇ ਖ਼ਬਰਾਂ ਦਾ ਪਤਾ ਨਹੀਂ ਲੱਗਿਆ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਸੀ ਕਿ ਅੱਜ ਖ਼ਬਰਾਂ ਦੇਖੀਆਂ ਹਨ ਕਿ ਸਰਕਾਰ ਜ਼ੁਲਮ ਦੀ ਹੱਦ ਟੱਪ ਗਈ ਹੈ। ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਫਸਾ ਦਿੱਤਾ ਹੈ ਅਤੇ ਔਰਤਾਂ ਤੇ ਬੱਚਿਆਂ ਨੂੰ ਵੀ ਨਹੀਂ ਬਖ਼ਸ਼ਿਆ। ਅਜਿਹਾ ਹੀ ਬੇਅੰਤ ਸਿੰਘ ਦੀ ਸਰਕਾਰ ਨੇ ਕੀਤਾ ਸੀ। ਪ੍ਰਧਾਨ ਮੰਤਰੀ ਬਾਜੇਕੇ ਵਰਗੇ ਲੋਕਾਂ ਅਤੇ ਹੋਰਨਾਂ ਨੂੰ ਬਿਨਾਂ ਕਿਸੇ ਕਾਰਨ ਐੱਨਐੱਸਏ ਲਾ ਕੇ ਅਸਾਮ ਦੀਆਂ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਹੈ। ਉਨ੍ਹਾਂ ਨੇ ਸੰਗਤਾਂ ਦਾ ਧੰਨਵਾਦ ਵੀ ਕੀਤਾ ਅਤੇ ਸਰਬੱਤ ਖ਼ਾਲਸਾ ਵਾਸਤੇ ਕਮਰਕੱਸੇ ਕਰਨ ਦੀ ਅਪੀਲ ਕੀਤੀ। ਚੇਤੇ ਰਹੇ ਕਿ ਅੰਮ੍ਰਿਤਪਾਲ ਸਿੰਘ 18 ਮਾਰਚ ਨੂੰ ਪੁਲੀਸ ਨੂੰ ਝਕਾਨੀ ਦੇ ਕੇ ਪੰਜਾਬ ‘ਚੋਂ ਨਿਕਲਣ ਵਿਚ ਸਫਲ ਹੋ ਗਿਆ ਸੀ। ਉਸ ਦੇ ਪਿਛਲੇ ਦਿਨੀਂ ਸ਼ਾਹਬਾਦ, ਪਟਿਆਲਾ, ਲੁਧਿਆਣਾ ਅਤੇ ਦਿੱਲੀ ਵਿਚ ਹੋਣ ਦੇ ਚਰਚੇ ਚੱਲਦੇ ਰਹੇ। ਉਸ ਨੂੰ ਸੀਸੀਟੀਵੀ ਤਸਵੀਰਾਂ ਵਿੱਚ ਵੱਖੋ-ਵੱਖਰੇ ਭੇਸਾਂ ਵਿਚ ਦਿਖਾਇਆ ਗਿਆ। ਲੰਘੀ ਰਾਤ ਤੋਂ ਹੀ ਉਸ ਦੇ ਪੰਜਾਬ ਦੇ ਹੁਸ਼ਿਆਰਪੁਰ ਵਿਚ ਹੋਣ ਦੇ ਸ਼ੰਕੇ ਸਨ ਅਤੇ ਪੰਜਾਬ ਪੁਲੀਸ ਨੇ ਇੱਕ ਇਨੋਵਾ ਗੱਡੀ ਦਾ ਪਿੱਛਾ ਵੀ ਕੀਤਾ ਸੀ। ਅੱਜ ਅੰਮ੍ਰਿਤਸਰ, ਜਲੰਧਰ ਅਤੇ ਹੁਸ਼ਿਆਰਪੁਰ ਵਿਚ ਚੱਪੇ ਚੱਪੇ ‘ਤੇ ਪੁਲੀਸ ਲਾਈ ਹੋਈ ਹੈ। ਚਰਚੇ ਚੱਲਦੇ ਰਹੇ ਕਿ ਅੰਮ੍ਰਿਤਪਾਲ ਆਤਮ-ਸਮਰਪਣ ਕਰ ਸਕਦਾ ਹੈ।

### ਪੁਲਿਸ ਵਲੋਂ ਡਰੋਨ ਤਾਇਨਾਤ

ਜਲੰਧਰ-ਕਈ ਦਿਨ ਤੋਂ ਫ਼ਰਾਰ ‘ਵਾਰਿਸ ਪੰਜਾਬ ਦੇ’ ਮੁਖੀ ਅੰਮ੍ਰਿਤਪਾਲ ਸਿੰਘ ਪੰਜਾਬ ਪੁਲੀਸ ਦੇ ਹੱਥ ਨਹੀਂ ਆ ਰਿਹਾ। ਹੁਣ ਪੁਲੀਸ ਨੇ ਦੱਸਿਆ ਕਿ ਉਹ ਉਸ ਚਿੱਟੀ ਸਵਿਫਟ ਕਾਰ,ਜਿਸ ਦਾ ਨੰਬਰ ‘8168‘ ਹੈ, ਦੀ ਭਾਲ ਕਰ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਉਹ ਇਸ ਕਾਰ ‘ਚ ਭੱਜਿਆ ਹੈ। ਇਸ ਦੇ ਨਾਲ ਪੁਲੀਸ ਨੇ ਉਸ ਨੂੰ ਲੱਭਣ ਲਈ ਡਰੋਨ ਤਾਇਨਾਤ ਕੀਤੇ ਹਨ। ਉਧਰ ਅੰਮ੍ਰਿਤਪਾਲ ਸਿੰਘ ਦੀ ਵੀਡੀਓ ਜਾਰੀ ਹੋਣ ਬਾਅਦ ਹਿਮਾਚਲ ਪ੍ਰਦੇਸ਼ ਦੇ ਸਰਹੱਦੀ ਇਲਾਕਿਆਂ ‘ਚ ਅਲਰਟ ਜਾਰੀ ਕਰ ਦਿੱਤਾ ਗਿਆ ਹੈ।

### 348 ਸਿੱਖ ਨੌਜਵਾਨ ਰਿਹਾਅ ਕੀਤੇ

ਅੰਮ੍ਰਿਤਸਰ-ਅਕਾਲ ਤਖ਼ਤ ਦੇ ਸਕੱਤਰੇਤ ਅਨੁਸਾਰ ਪਿਛਲੇ ਦਿਨਾਂ ਦੌਰਾਨ ਪੁਲੀਸ ਵੱਲੋਂ ਧਾਰਾ 107 /151 ਤਹਿਤ ਗ੍ਰਿਫਤਾਰ ਕੀਤੇ ਗਏ 360 ਸਿੱਖ ਨੌਜਵਾਨਾਂ ਵਿਚੋਂ 348 ਨੌਜਵਾਨ ਰਿਹਾਅ ਕੀਤੇ ਜਾ ਚੁੱਕੇ ਹਨ। ਇਹ ਜਾਣਕਾਰੀ ਸਰਕਾਰ ਪੱਧਰ ‘ਤੇ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਦਿੱਤੀ ਗਈ ਹੈ। ਜਦੋਂ ਕਿ ਕੌਮੀ ਸੁਰੱਖਿਆ ਐਕਟ ਅਤੇ ਹੋਰ ਧਰਾਵਾਂ ਹੇਠ ਗ੍ਰਿਫ਼ਤਾਰ ਨੌਜਵਾਨਾਂ ਦੀ ਰਿਹਾਈ ਬਾਰੇ ਅਕਾਲ ਤਖ਼ਤ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ 24 ਘੰਟਿਆਂ ਵਿਚ ਬੇਕਸੂਰ ਨੌਜਵਾਨਾਂ ਨੂੰ ਰਿਹਾਅ ਕਰਨ ਲਈ ਦਿੱਤੇ ਗਏ ਅਲਟੀਮੇਟਮ ਸਮੇਂ ਕੌਮੀ ਸੁਰੱਖਿਆ ਐਕਟ ਨੂੰ ਹਟਾਉਣ ਲਈ ਵੀ ਆਖਿਆ ਗਿਆ ਸੀ। ਉੱਧਰ ਦੂਜੇ ਪਾਸੇ ‘ਵਾਰਿਸ ਪੰਜਾਬ ਦੇ’ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਅੱਜ ਪੁਲੀਸ ਅੱਗੇ ਆਤਮ ਸਮਰਪਣ ਕੀਤੇ ਜਾਣ ਦੀ ਚਰਚਾ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਸਖ਼ਤ ਸੁਰੱਖਿਆ ਦੇ ਪ੍ਰਬੰਧ ਕੀਤੇ ਗਏ। ਦਰਬਾਰ ਸਾਹਿਬ ਨੂੰ ਆਉਣ ਵਾਲੇ ਰਾਹਾਂ ‘ਤੇ ਪੁਲੀਸ ਬਲ ਤਾਇਨਾਤ ਕੀਤਾ ਗਿਆ ਅਤੇ ਵਿਰਾਸਤੀ ਮਾਰਗ ‘ਤੇ ਵਾਹਨਾਂ ਦੀ ਆਵਾਜਾਈ ਵੀ ਰੋਕੀ ਗਈ। ਇਸ ਦੌਰਾਨ ਪੁਲੀਸ ਕਮਿਸ਼ਨਰ ਵੀ ਦਰਬਾਰ ਸਾਹਿਬ ਪੁੱਜੇ, ਪਰ ਉਨ੍ਹਾਂ ਕਿਹਾ ਕਿ ਉਹ ਨਿੱਜੀ ਤੌਰ ‘ਤੇ ਗੁਰੂ ਘਰ ਵਿਖੇ ਨਤਮਸਤਕ ਹੋਣ ਲਈ ਆਏ ਹਨ। ਅੰਮ੍ਰਿਤਪਾਲ ਸਿੰਘ ਵੱਲੋਂ ਪੁਲੀਸ ਅੱਗੇ ਆਤਮ ਸਮਰਪਣ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਪੁਲੀਸ ਕੋਲ ਕੋਈ ਜਾਣਕਾਰੀ ਨਹੀਂ ਹੈ। ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਵਧੇਰੇ ਪੁਲੀਸ ਬਲ ਤਾਇਨਾਤ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਅਜਿਹਾ ਨਰਾਤਿਆਂ ਦੇ ਤਿਉਹਾਰ ਨੂੰ ਧਿਆਨ ਵਿੱਚ ਰੱਖ ਕੇ ਲੋਕਾਂ ਦੀ ਸੁਰੱਖਿਆ ਵਾਸਤੇ ਕੀਤਾ ਗਿਆ ਹੈ। ਡੀਸੀਪੀ ਪਰਮਿੰਦਰ ਸਿੰਘ ਭੰਡਾਲ ਨੇ ਆਖਿਆ ਕਿ ਟਰੈਫਿਕ ਪੁਲੀਸ ਵੱਲੋਂ ਸੜਕਾਂ ਤੋਂ ਨਾਜਾਇਜ਼ ਕਬਜ਼ੇ ਹਟਾਏ ਜਾ ਰਹੇ ਹਨ ਤਾਂ ਜੋ ਆਵਾਜਾਈ ਨੂੰ ਸੁਚਾਰੂ ਬਣਾਇਆ ਜਾ ਸਕੇ। ਇਸ ਲਈ ਵਧੇਰੇ ਪੁਲੀਸ ਸੜਕਾਂ ‘ਤੇ ਹੈ। ਭਾਵੇਂ ਪੁਲੀਸ ਅਧਿਕਾਰੀਆਂ ਵੱਲੋਂ ਅੰਮ੍ਰਿਤਪਾਲ ਸਿੰਘ ਦੇ ਸਮਰਪਣ ਕੀਤੇ ਜਾਣ ਦੀ ਚਰਚਾ ਬਾਰੇ ਕੋਈ ਹਾਂ-ਪੱਖੀ ਸੰਕੇਤ ਨਹੀਂ ਦਿੱਤਾ ਗਿਆ ਪਰ ਖੁਫੀਆ ਏਜੰਸੀਆਂ ਵੱਲੋਂ ਉਸ ਦੇ ਸਮਰਪਣ ਕੀਤੇ ਜਾਣ ਦੀ ਸੰਭਾਵਨਾ ਨੂੰ ਸਹੀ ਦੱਸਿਆ ਜਾ ਰਿਹਾ ਹੈ। ਇਸ ਦੌਰਾਨ ਅੰਮ੍ਰਿਤਪਾਲ ਸਿੰਘ ਦੀ ਇਕ ਵੀਡੀਓ ਸੋਸ਼ਲ ਮੀਡੀਆ ‘ਤੇ ਜਨਤਕ ਹੋਈ ਹੈ, ਜਿਸ ਵਿੱਚ ਉਸ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਵਿਸਾਖੀ ਮੌਕੇ ਸਰਬੱਤ ਖਾਲਸਾ ਸੱਦਣ ਲਈ ਅਪੀਲ ਕੀਤੀ ਹੈ।

# ਜਲੰਧਰ ਲੋਕ ਸਭਾ ਜ਼ਿਮਨੀ ਚੋਣ 10 ਮਈ ਨੂੰ

ਨਵੀਂ ਦਿੱਲੀ-ਚੋਣ ਕਮਿਸ਼ਨ ਨੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੀ ਤਰੀਕ ਦਾ ਐਲਾਨ ਕਰ ਦਿੱਤਾ ਹੈ। 10 ਮਈ ਨੂੰ ਵੋਟਾਂ ਪੈਣਗੀਆਂ ਅਤੇ 13 ਮਈ ਨੂੰ ਗਿਣਤੀ ਹੋਵੇਗੀ। ਕਾਂਗਰਸ ਦੇ ਜਲੰਧਰ ਤੋਂ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ (76) ਦੀ 14 ਜਨਵਰੀ ਨੂੰ ਪੰਜਾਬ ਦੇ ਫਿਲੌਰ ਵਿੱਚ ਭਾਰਤ ਜੋੜੋ ਯਾਤਰਾ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ ਤੇ ਇਸ ਕਾਰਨ ਇਹ ਸੀਟ ਖਾਲੀ ਹੋ ਗਈ ਸੀ। ਇੱਥੇ ਦੱਸਣਯੋਗ ਹੈ ਕਿ ਇਹ ਚੋਣ ਸੱਤਾਧਾਰੀ ਆਮ ਆਦਮੀ ਪਾਰਟੀ ਲਈ ਵੱਕਾਰ ਦਾ ਸਵਾਲ ਬਣ ਗਈ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਐਡਮਿੰਟਨ ਦੀ ਚੋਣ-ਹਰਮੇਲ ਸਿੰਘ ਤੂਰ ਪ੍ਰਧਾਨ ਬਣੇ





ਐਡਮਿੰਟਨ (ਗੁਰਪ੍ਰੀਤ ਸਿੰਘ)- ਅੱਜ ਇਥੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਐਡਮਿੰਟਨ ਦੀ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਨਵੀ ਚੋਣ ਮੁਤਾਬਿਕ ਸ ਹਰਮੇਲ ਸਿੰਘ ਤੂਰ ਪ੍ਰਧਾਨ, ਹਰਪਾਲ ਸਿੰਘ ਗਰੇਵਾਲ ਉਪ ਪ੍ਰਧਾਨ,ਹਰਬੀਰ ਸਿੰਘ ਸੰਧੂ ਖਚਾਨਚੀ, ਨਛੱਤਰ ਸਿੰਘ ਮਾਨ ਸਹਾਇਕ ਖਜ਼ਾਨਚੀ, ਮਨਬੀਰ ਸਿੰਘ ਗਿੱਲ ਸਕੱਤਰ, ਸੁਖਦੇਵ ਸਿੰਘ ਬੈਨੀਪਾਲ ਸਹਾਇਕ ਸਕੱਤਰ ਅਤੇ ਸਤਨਾਮ ਸਿੰਘ ਥਿੰਦ, ਰਣਜੀਤ ਸਿੰਘ ਗਿੱਲ, ਜਸਬੀਰ ਸਿੰਘ ਸੰਧੂ, ਪਰਮਪਾਲ ਸਿੰਘ ਹੁੰਦਲ ਤੇ ਜਸਵਿੰਦਰ ਸਿੰਘ ਵੜੈਚ ਐਗਜੈਕਟਿਵ ਮੈਂਬਰ ਚੁਣੇ ਗਏ। ਨਵੀਂ ਚੁਣੀ ਗਈ ਕਮੇਟੀ ਦੀ ਮਿਆਦ ਪਹਿਲੀ ਅਪ੍ਰੈਲ 2023 ਤੋਂ 31 ਮਾਰਚ 2025 ਤੱਕ ਹੋਵੇਗੀ। ਇਹ ਜਾਣਕਾਰੀ ਗੁਰਦੁਆਰਾ ਸਲਾਹਕਾਰ ਕਮੇਟੀ ਦੇ ਆਗੂ ਜਤਿੰਦਰ ਸਿੰਘ ਦਿਓਲ ਵਲੋਂ ਦਿੱਤੀ ਗਈ।




# ਗੁਰਨਾਮ ਭੁੱਲਰ ਦਾ ਐਬਟਸਫੋਰਡ ਸ਼ੋਅ ਅੱਜ









ਸਰੀ-ਤੇਰੇ ਗੁੱਟ ਨੂੰ ਕੜਾ ਸਰਦਾਰਨੀਏ, ਡਾਇਮੰਡ ਦੀ ਝਾਂਜਰ ਪਾਦਾਂਗੇ ਮਸ਼ਹੂਰ ਗਾਇਕ ਗੁਰਨਾਮ ਭੁੱਲਰ ਦਾ ਸ਼ੋਅ ਪਹਿਲੀ ਅਪ੍ਰੈਲ ਨੂੰ ਐਬਟਸਫੋਰਡ ਸੈਂਟਰ ਵਿਚ ਹੋਣ ਜਾ ਰਿਹਾ ਹੈ। ਇਸ ਸਬੰਧੀ ਸਰੀ ਵਿਚ ਪੰਜਾਬੀ ਮੀਡੀਆ ਦੇ ਰੂਬਰੂ ਹੁੰਦਿਆਂ ਗੁਰਨਾਮ ਭੁੱਲਰ ਨੇ ਸਥਾਨਕ ਪੰਜਾਬੀਆਂ ਨੂੰ ਸ਼ੋਅ ਵਿਚ ਹੁੰਮਹੁਮਾਕੇ ਪੁੱਜਣ ਦਾ ਸੱਦਾ ਦਿੱਤਾ।ਪ੍ਰੈਸ ਕਾਨਫਰੰਸ ਵਿਚ ਉਹਨਾਂ ਨਾਲ ਲਿਬਰਲ ਐਮ ਪੀ ਸੁੱਖ ਧਾਲੀਵਾਲ, ਸ਼ੋਅ ਦੇ ਪ੍ਰਬੰਧਕ ਰਮਨ ਖੰਗੂੜਾ ਤੇ ਜਸਪ੍ਰੀਤ ਧਾਲੀਵਾਲ ਹਾਜ਼ਰ ਸਨ। ਇਸ ਮੌਕੇ ਗੁਰਨਾਮ ਭੁੱਲਰ ਨੂੰ ਦੇਸ ਪ੍ਰਦੇਸ ਟਾਈਮਜ ਦੀ ਕਾਪੀ ਭੇਟ ਕਰਦੇ ਹੋਏ ਐਮ ਪੀ ਸੁੱਖ ਧਾਲੀਵਾਲ। ਜਿਕਰਯੋਗ ਗੁਰਨਾਮ ਭੁੱਲਰ ਦਾ 7 ਅਪ੍ਰੈਲ ਨੂੰ ਵਿੰਨੀਪੈਗ ਸ਼ੋਅ ਦੇਸ ਪ੍ਰਦੇਸ ਵੱਲੋਂ ਕੋ ਸਪਾਂਸਰ ਕੀਤਾ ਜਾ ਰਿਹਾ ਹੈ।

ਵਧੀਆ ਕੱਪੜਿਆਂ ਦਾ ਬਾਦਸ਼ਾਹ

Overseas Fabrics

ਓਵਰਸੀਜ਼ ਫੈਬਰਿਕਸ

Abbotsford B.C

ਐਬਟਸਫੋਰਡ, ਬੀ ਸੀ



ਆਓ ਲੁੱਟ ਕੇ ਲੈ ਜਾਓ

ਜ਼ਿਮੀਦਾਰਾਂ ਦਾ ਬਹੁਤ ਹੀ ਵਧੀਆ ਅਤੇ ਬਹੁਤ ਵੱਡਾ

ਕੱਪੜਿਆਂ ਦਾ ਸਟੋਰ

ਬਹੁਤ ਭਾਰੀ ਸੇਲ

ਕੰਬਲ, ਕੋਟੀਆਂ, ਜੈਕਟਾਂ, ਖੁੱਲਾ ਕੱਪੜਾ, ਗਰਮ ਸੂਟਾਂ ਦਾ ਕੱਪੜਾ, ਸ਼ਨੀਲ, ਵੈਲਵਟ ਤੇ ਹੋਰ ਨਵੀਂ ਨਵੀਂ ਵਰਾਇਟੀ ਦਾ ਕੱਪੜਾ।

ਆਓ ਤੇ ਕਾਰਾਂ ਭਰ ਕੇ ਲੈ ਜਾਓ, ਟਰੱਕ ਵੀ ਭਰ ਸਕਦੇ ਹੋ।

Contact Us

604-864-8100

Email:overseasfabrics@gmail.com, www.overseasfabrics.com

Head Office:32853 Ventura Ave Abbotsford, BC V2S 6A3 Canada

Crazy Fabric Warehouse
Phone: 780-340-3474
Address: 9123 35 Ave NW, Edmonton, AB T6E 5Y1, Canada

Overseas Fashion & Fabrics
Phone: 204-779-9900
Address: 829 Ellice Ave, Winnipeg, MB R3G 0C3, Canada



# ਯਾਦਾਂ ਦੇ ਝਰੋਖੇ 'ਚੋਂ

## (ਨੈਣਾਂ)

ਬਚਪਨ ਤੋਂ ਹੀ ਪਾਲ ਨੂੰ 'ਬਰੂਸ ਲੀ', 'ਜੈਕੀ ਚਾਨ', 'ਜੌਹਨ ਸੈਕਸਨ' 'ਜਿਮ ਕੈਲੇ' 'ਜੀਨ ਕਲਾਊਡੇ' ਅਤੇ 'ਬੋਲੋ ਜਿਊਂਗ' ਦੀਆਂ 'ਮਾਰਸ਼ਲ ਆਰਟਸ ਅਤੇ 'ਜੂਡੋ ਕਰਾਟੇ' ਦੀਆਂ ਪਿਕਚਰਾਂ ਬਹੁਤ ਪਸੰਦ ਹਨ। ਦਰਅਸਲ ਨੈਣਾਂ ਨੂੰ ਸੰਨ 1973 ਵਿੱਚ ਆਈ ਬਰੂਸ ਲੀ ਦੀ ਫਿਲਮ "ਐਂਟਰ ਦਾ ਡ੍ਰੈਗਨ" ਬੇਹੱਦ ਪਸੰਦ ਹੈ। ਜਦੋਂ ਨੈਣਾਂ ਹੁਰਾਂ ਨੇ 'ਵੀ ਸੀ ਆਰ' ਖਰੀਦਿਆ ਤਾਂ ਬਰੂਸ ਲੀ ਦੀਆਂ ਸਾਰੀਆਂ ਪਿਕਚਰਾਂ ਦੀਆਂ ਕੈਸੇਟਾਂ ਦੇ ਨਾਲ ਨਾਲ 'ਜੈਕੀ ਚਾਨ' ਦੀਆਂ ਫਿਲਮਾਂ ਦੀਆਂ ਕੈਸੇਟਾਂ ਤੇ ਸੰਨ 1988 ਵਿੱਚ ਆਈ ਜੀਨ ਕਲਾਊਡੇ ਤੇ 'ਬੋਲੋ ਜਿਊਂਗ ਦੀ ਫਿਲਮ "ਬਲੱਡ ਸਪੋਰਟ" ਵੀ ਬਾਕੀ ਹਿੰਦੀ ਫਿਲਮਾਂ ਦੇ ਨਾਲ ਨਾਲ ਖਰੀਦ ਲਿਆਂਦੀ। 'ਬੋਲੋ ਜਿਊਂਗ' ਨਾਲ ਜੂਡੋ ਕਰਾਟੇ ਦੇ ਸੀਨਾਂ ਤੇ ਹਵਾ ਵਿੱਚ ਬਣਾਉਂਦੇ 'ਜੌਹਨ ਸੈਕਸਨ' ਤੇ ਜੀਨ ਕਲਾਊਡੇ ਦੇ ਇੱਕ ਸੌ ਅੱਸੀ ਡਿਗਰੀ ਦੇ ਕੋਨਾਂ ਨੇ ਪਾਲ ਵਿੱਚ ਉਹਨਾਂ ਵਾਂਗ ਹੀ ਐਕਸ਼ਨ ਕਰਨ ਦੀ ਖ਼ਾਹਿਸ਼ ਨੇ ਉਸਨੂੰ ਨੈਸ਼ਨਲ ਸਤਰ ਦਾ 'ਟਾਈ ਕਵਾਂਡੋ' ਦਾ ਖਿਡਾਰੀ ਬਣਾ ਦਿੱਤਾ। ਹਵਾ ਵਿੱਚ ਦੋਵੇਂ ਲੱਤਾਂ ਖੋਲ੍ਹ ਕੇ ਇੱਕ ਸੌ ਅੱਸੀ ਡਿਗਰੀ ਦਾ ਕੋਨ ਬਣਾਉਣਾ ਅਤੇ ਬਾਰ੍ਹਾਂ ਫੁੱਟੀਆਂ ਬਾਰਾਂ ਤੇ ਤਿੰਨ ਸੌ ਸੱਠ ਡਿਗਰੀ ਤੇ ਝੂਟਣਾ, ਉਸ ਲਈ ਖੱਬੇ ਹੱਥ ਦਾ ਕੰਮ ਸੀ।




ਡਾ: ਪ੍ਰਿਤਪਾਲ ਕੌਰ ਚਾਹਲ
(ਪੀ.ਏ.ਯੂ. ਲੁਧਿਆਣਾ/ ਵਿੰਨੀਪੈਗ)

ਉਸ ਦਿਨ ਪਾਲ ਨੇ ਜ਼ਿਲ੍ਹਾ ਸਤਰ ਤੇ ਹੋਈਆਂ ਖੇਡਾਂ ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ ਤਾਂ ਹੈੱਡ ਮਿਸਟਰੈੱਸ ਸਾਹਿਬਾ ਨੇ ਇਨਾਮ ਦੇਣ ਲਈ ਉਸਨੂੰ ਸਕੂਲ ਵਿੱਚ ਬੁਲਾਇਆ ਸੀ। ਪ੍ਰੋਗਰਾਮ ਸ਼ੁਰੂ ਹੋਣ ਵਿੱਚ ਦੇਰ ਹੋਣ ਕਾਰਨ ਉਹ ਗਰਾਊਂਡ ਵਿੱਚ ਬਾਰ੍ਹਾਂ ਫੁੱਟ ਵਾਲੀ ਬਾਰ ਤੇ ਪ੍ਰੈਕਟਿਸ ਕਰ ਰਿਹਾ ਸੀ ਤਾਂ ਇੱਕ ਬੱਚੇ ਨੇ ਉਸਨੂੰ ਧੱਕਾ ਦੇ ਦਿੱਤਾ। ਉਸ ਦਾ ਸੰਤੁਲਨ ਵਿਗੜ ਗਿਆ ਤੇ ਉਹ ਜ਼ਮੀਨ ਤੇ ਚੌਫ਼ਾਲ ਡਿੱਗ ਪਿਆ। ਉਸਦੀ ਸੱਜੀ ਬਾਂਹ ਉਸਦੇ ਸਰੀਰ ਦੇ ਹੇਠਾਂ ਆਉਣ ਕਰਕੇ ਕੂਹਣੀ ਕੋਲੋਂ ਟੁੱਟ ਗਈ।

ਘਰੇ ਪਤਾ ਲੱਗਣ ਤੇ ਡਾ ਇੰਦਰ ਤੇ ਨੈਣਾਂ ਭੱਜੇ ਭੱਜੇ ਸਕੂਲ ਗਏ ਤੇ ਉਸਨੂੰ ਡਾਕਟਰ ਅਵਸਥੀ ਦੇ ਕਲੀਨਿਕ ਵਿੱਚ ਲੈ ਗਏ। ਜਿੱਥੇ ਡਾਕਟਰ ਦੇ ਦੇਰ ਨਾਲ ਆਉਣ ਕਰਕੇ ਬਾਂਹ ਬਹੁਤ ਜ਼ਿਆਦਾ ਸੁੱਜ ਗਈ ਤੇ ਡਾਕਟਰ ਨੇ ਉਸੇ ਉੱਤੇ ਪਲਸਤਰ ਲਗਾ ਦਿੱਤਾ। ਡਾ ਇੰਦਰ ਤੇ ਨੈਣਾਂ ਕਦੀ ਉਸਨੂੰ ਮਾਫ਼ ਨਹੀਂ ਕਰ ਸਕਦੇ। ਉਹ ਡਾਕਟਰ ਦੇ ਰੂਪ ਵਿੱਚ ਮਸੀਹਾ ਨਹੀਂ ਹੈ।

ਨੈਣਾਂ ਨੂੰ 'ਮਾਂ' ਕਹਿਣ ਤੋਂ ਵੀ ਪਹਿਲਾਂ ਪਾਲ ਨੇ ਜੋ ਸ਼ਬਦ ਬੋਲਣਾ ਸਿੱਖਿਆ, ਉਹ ਸੀ, 'ਆਪੇ'। 'ਆਪੇ' ਕਮੀਜ਼ ਪਾਉਣੀ ਹੈ, 'ਆਪੇ' ਦੁੱਧ ਪੀਣਾ ਹੈ ਤੇ 'ਆਪੇ' ਹੀ ਚਮਚੇ ਨਾਲ ਖੀਰ ਜਾਂ ਆਈਸ ਕ੍ਰੀਮ ਖਾਣ ਦੀ ਜ਼ਿੱਦ, ਕਈ ਵਾਰ ਤਾਂ ਨੈਣਾਂ ਨੂੰ ਖਿਝਾ ਹੀ ਦਿੰਦੀ। ਬਚਪਨ ਤੋਂ ਹੀ ਪਾਲ ਹਰ ਚੀਜ਼ ਨੂੰ ਸਮਝਣ ਅਤੇ ਅੱਖੀਂ ਦੇਖਣ ਤੋਂ ਬਾਅਦ ਹੀ ਉਸ ਤੇ ਯਕੀਨ ਕਰਦਾ। ਨੈਣਾਂ ਵਾਂਗੂੰ ਉਹ ਵੀ ਘੋਟਾ ਨਹੀਂ ਲਾ ਸਕਦਾ। ਉਸਨੂੰ ਹਰ ਚੀਜ਼ ਪ੍ਰਤੱਖ ਦਿਸਣੀ ਚਾਹੀਦੀ ਹੈ। ਕੈਮਿਸਟਰੀ ਪੜ੍ਹਣ ਵੇਲੇ 'ਐਟਮ' ਤੇ ਇਲੈਕਟਰੋਨਜ਼/ਪਰੋਟੋਨਜ਼ ਨੂੰ ਸੱਚੀਂ ਮੁੱਚੀਂ ਵੇਖਣ ਦੀ ਜ਼ਿੱਦ ਨੇ ਨੈਣਾਂ ਦੇ ਦੰਦਾਂ ਹੇਠਾਂ ਪਸੀਨਾ ਲਿਆਉਣ ਵਿੱਚ ਕੋਈ ਕਸਰ ਨਹੀਂ ਛੱਡੀ ਸੀ।



ਪੌਦਿਆਂ ਦੇ ਰੋਗਾਂ ਦੀ ਰੋਕਥਾਮ ਦੀ ਟਰੇਨਿੰਗ ਲਈ ਨੈਣਾਂ ਜਦੋਂ ਬੰਗਲੌਰ ਗਈ ਤਾਂ ਆਉਂਦਿਆਂ ਹੋਇਆਂ ਉਥੋਂ ਵਿੰਕਾ ਅਤੇ ਪਾਲ ਲਈ ਦੋ ਛੋਟੀਆਂ ਮਾਈਕਰੋਸਕੋਪਾਂ ਲੈ ਆਈ। ਉਹ ਮਾਈਕਰੋਸਕੋਪ (ਉਹ ਯੰਤਰ ਜਿਸ ਨਾਲ ਸੂਖ਼ਮ ਜੀਵ ਜੰਤੂ, ਜੋ ਨੰਗੀ ਅੱਖ ਨਾਲ ਨਹੀਂ ਦੇਖੇ ਜਾ ਸਕਦੇ, ਉਹ ਕਈ ਗੁਣਾਂ ਵੱਡੇ ਹੋ ਕੇ ਸਪਸ਼ਟ ਦੇਖੇ ਜਾ ਸਕਦੇ ਹਨ) ਭਾਵੇਂ ਸਨ ਤਾਂ ਖਿਡੌਣਿਆਂ ਦੇ ਸਰੂਪ ਹੀ, ਪਰ ਉਹਨਾਂ ਨਾਲ ਚੀਜ਼ਾਂ ਕਾਫ਼ੀ ਵੱਡੀਆਂ ਹੋ ਕੇ ਦਿਖਾਈ ਦਿੰਦੀਆਂ ਸਨ, ਵਿੰਕਾ ਤੇ ਪਾਲ ਲਈ ਤਾਂ ਨਵੀਆਂ ਹੀ ਖੇਡਾਂ ਤੇ ਵਿਗਿਆਨ ਨੂੰ ਸਮਝਣ ਦਾ ਬਹੁਤ ਹੀ ਵਧੀਆ, ਦਿਲਚਸਪ ਤੇ ਖੋਜੀ ਤਰੀਕਾ ਸਾਬਿਤ ਹੋਈਆਂ। ਆਲੂ ਤਾਂ ਕੀ ਹਰ ਸਬਜ਼ੀ, ਦੇ ਪਤਲੇ ਪਤਲੇ ਟੁੱਕੜਿਆਂ ਨੂੰ ਮਾਈਕਰੋਸਕੋਪ ਹੇਠਾਂ ਦੇਖ ਕੇ ਉਹਨਾਂ ਦੀ ਖ਼ੁਸ਼ੀ ਅਤੇ ਸਵਾਲਾਂ ਦੇ ਜਵਾਬ ਡਾ ਇੰਦਰ ਤੇ ਨੈਣਾਂ ਲਈ ਬਹੁਤ ਹੀ ਸੁਖਦ ਅਤੇ ਖ਼ੁਸ਼ੀ ਭਰਿਆ ਅਨੁਭਵ ਸੀ। ਕੱਸੀ ਦਾ ਪਾਣੀ, ਤਰਲ ਪਦਾਰਥ ਅਤੇ ਦਹੀਂ ਦੀਆਂ ਸਲਾਈਡਾਂ ਦੇਖਦਿਆਂ ਦੇਖਦਿਆਂ ਪਾਲ ਦੀ ਬਲੇਡ ਨਾਲ ਉਂਗਲੀ ਕੱਟ ਕੇ ਖ਼ੂਨ ਦੀ ਸਲਾਈਡ ਦੇਖਣ ਦੀ ਜ਼ਿੱਦ ਨੂੰ ਨੈਣਾਂ ਬਹੁਤ ਹੀ ਮੁਸ਼ਕਿਲ ਨਾਲ ਮਨ੍ਹਾਂ ਕਰ ਪਾਈ। ਬਚਪਨ ਦਾ ਇਹ ਅਨੁਭਵ ਦੋਵਾਂ ਹੀ ਬੱਚਿਆਂ ਦੀ ਭਾਵੀ ਜ਼ਿੰਦਗੀ ਲਈ ਬੜਾ ਹੀ ਫਾਇਦੇਮੰਦ ਸਾਬਿਤ ਹੋਇਆ, ਜਿਸਨੇ ਦੋਵਾਂ ਦੇ ਦਿਲ ਵਿੱਚ ਨਾ ਸਿਰਫ਼ ਆਪਣੀ ਲਾਈਨ ਚੁਨਣ ਤੇ ਉਸ ਉੱਤੇ ਅੱਗੇ ਵਧਣ ਵਿੱਚ ਮਦਦ ਕੀਤੀ ਸਗੋਂ ਉਸ ਵਿੱਚ ਇੱਕ ਸਿਰੜ ਵੀ ਪੈਦਾ ਕੀਤਾ।

'ਪਲੱਸ ਟੂ' ਵਿਚ ਪਾਲ ਨੂੰ 'ਸਾਇੰਸ ਫੇਅਰ' ਵਿੱਚ ਬਾਇਓਲੋਜੀ ਦਾ ਪ੍ਰੋਜੈਕਟ ਬਣਾ ਕੇ ਭਾਗ ਲੈਣ ਦਾ ਮੌਕਾ ਮਿਲਿਆ। ਪਾਲ ਨੇ ਸੱਭ ਤੋਂ ਔਖਾ ਵਿਸ਼ਾ, 'ਮਨੁੱਖੀ ਸਰੀਰ ਵਿੱਚ ਖ਼ੂਨ ਦਾ ਦੌਰਾ' ਦਾ ਵਿਸ਼ਾ ਚੁਣਿਆ। ਇੱਕ ਵਾਰ ਫਿਰ ਨੈਣਾਂ ਨੂੰ ਉਸਦੇ ਬੇਹੱਦ ਮੁਸ਼ਕਿਲ ਸਵਾਲਾਂ ਜਵਾਬਾਂ

ਨੈਣਾਂ ਨੂੰ 'ਮਾਂ' ਕਹਿਣ ਤੋਂ ਵੀ ਪਹਿਲਾਂ ਪਾਲ ਨੇ ਜੋ ਸ਼ਬਦ ਬੋਲਣਾ ਸਿੱਖਿਆ, ਉਹ ਸੀ, 'ਆਪੇ'। 'ਆਪੇ' ਕਮੀਜ਼ ਪਾਉਣੀ ਹੈ, 'ਆਪੇ' ਦੁੱਧ ਪੀਣਾ ਹੈ ਤੇ 'ਆਪੇ' ਹੀ ਚਮਚੇ ਨਾਲ ਖੀਰ ਜਾਂ ਆਈਸ ਕ੍ਰੀਮ ਖਾਣ ਦੀ ਜ਼ਿੱਦ, ਕਈ ਵਾਰ ਤਾਂ ਨੈਣਾਂ ਨੂੰ ਖਿਝਾ ਹੀ ਦਿੰਦੀ। ਬਚਪਨ ਤੋਂ ਹੀ ਪਾਲ ਹਰ ਚੀਜ਼ ਨੂੰ ਸਮਝਣ ਅਤੇ ਅੱਖੀਂ ਦੇਖਣ ਤੋਂ ਬਾਅਦ ਹੀ ਉਸ ਤੇ ਯਕੀਨ ਕਰਦਾ। ਨੈਣਾਂ ਵਾਂਗੂੰ ਉਹ ਵੀ ਘੋਟਾ ਨਹੀਂ ਲਾ ਸਕਦਾ। ਉਸਨੂੰ ਹਰ ਚੀਜ਼ ਪ੍ਰਤੱਖ ਦਿਸਣੀ ਚਾਹੀਦੀ ਹੈ। ਕੈਮਿਸਟਰੀ ਪੜ੍ਹਣ ਵੇਲੇ 'ਐਟਮ' ਤੇ ਇਲੈਕਟਰੋਨਜ਼/ਪਰੋਟੋਨਜ਼ ਨੂੰ ਸੱਚੀਂ ਮੁੱਚੀਂ ਵੇਖਣ ਦੀ ਜ਼ਿੱਦ ਨੇ ਨੈਣਾਂ ਦੇ ਦੰਦਾਂ ਹੇਠਾਂ ਪਸੀਨਾ ਲਿਆਉਣ ਵਿੱਚ ਕੋਈ ਕਸਰ ਨਹੀਂ ਛੱਡੀ ਸੀ।

ਨਾਲ ਦੋ ਚਾਰ ਹੋਣਾ ਪਿਆ। ਸੱਭ ਤੋਂ ਪਹਿਲਾਂ ਤਾਂ ਨੈਣਾਂ ਨੇ ਉਸਨੂੰ ਦਿਲ ਦਾ ਕੰਮ, ਉਸਦੀ ਬਣਤਰ, ਉਸਦੇ ਖਾਨੇ, ਵਾਲਵ, ਸਾਫ਼ ਅਤੇ ਗੰਦੇ ਖ਼ੂਨ ਦੀਆਂ ਨਾੜੀਆਂ ਤੇ ਦਿਲ ਦੀ ਕਾਰਜ ਪ੍ਰਣਾਲੀ ਬਾਰੇ ਵਿਸਥਾਰ ਨਾਲ ਸੱਭ ਕੁੱਝ ਸਮਝਾਇਆ। ਪਹਿਲਾਂ ਤਾਂ ਪਾਲ ਉਹ ਸਾਰਾ ਕੁੱਝ ਚੁੱਪ ਚਾਪ ਸੁਣਦਾ ਰਿਹਾ। ਫਿਰ ਉਸਦਾ ਨੈਣਾਂ ਨੂੰ ਪੁੱਛਿਆ ਇੱਕੋ ਇੱਕ ਸਵਾਲ ਨੈਣਾਂ ਨੂੰ ਹੈਰਾਨੀ ਤੇ ਪ੍ਰੇਸ਼ਾਨੀ ਵਿੱਚ ਪਾ ਕੇ ਇੱਕ ਦਮ ਨਿਰੁੱਤਰ ਕਰ ਗਿਆ।

ਉਸਦਾ ਸਵਾਲ ਸੀ ਕਿ ਤੁਸੀਂ ਕਹਿੰਦੇ ਹੋ ਕਿ ਜਦੋਂ ਆਪਾਂ ਸਾਹ ਲੈਂਦੇ ਹਾਂ ਤਾਂ ਹਵਾ ਵਿੱਚਲੀ ਆਕਸੀਜਨ ਖ਼ੂਨ ਨਾਲ ਮਿਲ ਕੇ ਦਿਲ ਰਾਹੀਂ ਚੰਗਾ ਖ਼ੂਨ ਲਿਜਾਣ ਵਾਲੀਆਂ ਨਾੜੀਆਂ ਰਾਹੀਂ ਸਰੀਰ ਦੇ ਸਾਰੇ ਭਾਗਾਂ ਵਿੱਚ ਚਲੀ ਜਾਂਦੀ ਹੈ ਤੇ ਗੰਦੇ ਖ਼ੂਨ ਨੂੰ ਕੱਠੀਆਂ ਕਰਨ ਵਾਲੀਆਂ ਨਾੜੀਆਂ ਗੰਦਾ ਖ਼ੂਨ ਇਕੱਠਾ ਕਰਕੇ ਉਸਨੂੰ ਦਿਲ ਵਿੱਚ ਲੈ ਜਾਂਦੀਆਂ ਹਨ। ਮੈਨੂੰ ਇਹ ਦੱਸੋ ਕਿ ਪਈ ਗੰਦਾ ਖ਼ੂਨ ਕਿੱਥੇ ਤੇ ਕਿਵੇਂ ਇਕੱਠਾ ਹੁੰਦਾ ਹੈ ?? ਤੇ ਗੰਦਾ ਖ਼ੂਨ ਫਿਰ ਚੰਗਾ ਖ਼ੂਨ ਕਿਵੇਂ ਬਣ ਜਾਂਦਾ ਹੈ ???

...ਚਲਦਾ









# ਐਮ.ਪੀ. ਹੱਲਨ ਮਹਿੰਗਾਈ ਨੂੰ ਲੈ ਕੇ ਸਰਕਾਰ 'ਤੇ ਵਰੇ



ਓਟਵਾ-ਕੰਸਰਵੇਟਿਵ ਐਮਪੀ ਜਸਰਾਜ ਸਿੰਘ ਹੱਲਨ ਨੇ ਹਾਊਸ ਆਫ ਕਾਮਨਜ਼ ਵਿਚ ਸਪੀਕਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਉ ਕੈਨੇਡਾ ਦੇ ਇਤਿਹਾਸ ਦੇ ਸਭ ਤੋਂ ਮਹਿੰਗੇ ਹਾਊਸਿੰਗ ਮੰਤਰੀ ਨੂੰ ਦੇਖੋ। ਇਸ ਪ੍ਰਤਿਭਾਸ਼ਾਲੀ ਮੰਤਰੀ ਨੇ ਕੈਨੇਡੀਅਨਾਂ ਲਈ ਮੌਰਟਗੇਜ ਅਤੇ ਕਿਰਾਏ ਦੀ ਲਾਗਤ ਦੁੱਗਣੀ ਕਰਨ ਲਈ 89 ਅਰਬ ਡਾਲਰ ਖਰਚ ਕਰ ਦਿੱਤੇ ਅਤੇ ਹੁਣ ਘਰ ਦੀ ਬਚਤ ਲਈ ਖਰਚ ਨੂੰ ਦੁੱਗਣਾ ਕਰ ਦਿੱਤਾ ਹੈ। ਇਨ੍ਹਾਂ ਪ੍ਰਤਿਭਾਵਾਂ ਨੇ ਗੈਸ, ਗਰੌਸਰੀਜ਼ ਅਤੇ ਹੋਮ ਹੀਟਿੰਗ ਵਰਗੀਆਂ ਘਰ 'ਚ ਵਰਤੋਂ ਵਿਚ ਆਉਣ ਵਾਲੀ ਹਰੇਕ ਚੀਜ਼ ਦਾ ਖਰਚ ਦੁੱਗਣਾ ਕਰ ਦਿੱਤਾ ਹੈ ਅਤੇ ਇਕ ਅਪ੍ਰੈਲ ਤੋਂ ਆਪਣੇ ਅਸਫਲ ਕਾਰਬਟ ਟੈਕਸ ਨਾਲ ਇਸ ਨੂੰ ਹੋਰ ਵਧਾਉਣ ਜਾ ਰਹੇ ਹਨ। ਸਪੀਕਰ ਸਾਹਿਬ ਪ੍ਰਧਾਨ ਮੰਤਰੀ ਦੇ ਅੱਠ ਸਾਲ ਦੇ ਉੱਚ ਟੈਕਸਾਂ ਅਤੇ ਸਰਕਾਰ ਦੇ ਜ਼ਿਆਦਾ ਖਰਚ ਕਾਰਨ 50 ਫ਼ੀਸਦੀ ਇਨਸੌਲਵੈਂਸੀਜ਼ ਅਤੇ ਦੀਵਾਲੀਆਪਨ ਸਾਡੇ ਨੌਜਵਾਨਾਂ ਹੈ ਹਾਲਾਂਕਿ ਉਨ੍ਹਾਂ ਦੀ ਆਬਾਦੀ ਜਨਸੰਖਿਆ ਦੀ ਇਕ ਚੌਥਾਈ ਹੈ। ਉਹ ਰਿਕਾਰਡ ਘਾਟੇ ਨਾਲ ਉਧਾਰ ਲੈ ਰਹੇ ਹਨ। 10 ਨੌਜਵਾਨ ਲੋਕਾਂ ਵਿਚ 9 ਦਾ ਆਪਣਾ ਘਰ ਹੋਣ ਦਾ ਸੁਪਨਾ ਮਰ ਗਿਆ ਹੈ ਜਿਹੜੇ ਲਿਬਰਲਜ਼ ਦੀ ਮਿਹਰਬਾਨੀ ਨਾਲ ਕਦੇ ਵੀ ਮਕਾਨ ਮਾਲਕ ਨਹੀਂ ਬਣ ਸਕਣਗੇ।

# ਪੈਟੂਲੋ ਬ੍ਰਿਜ ਅਗਲੇ ਹਫਤੇ ਦੌਰਾਨ ਮੁਕੰਮਲ ਬੰਦ ਰਹੇਗਾ

ਸਰੀ (ਹਰਦਮ ਮਾਨ)–ਆਉਣ ਵਾਲੇ ਹਫਤੇ ਦੌਰਾਨ ਸਰੀ ਅਤੇ ਨਿਊ ਵੈਸਟਮਿਨਸਟਰ ਨੂੰ ਮਿਲਾਉਣ ਵਾਲਾ ਪੈਟੂਲੋ ਬ੍ਰਿਜ ਰਿਪਲੇਸਮੈਂਟ ਪ੍ਰੋਜੈਕਟ ਕਾਰਨ ਬੰਦ ਰਹੇਗਾ। ਟਰਾਂਸਲਿੰਕ ਵੱਲੋਂ ਇਹ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਹੈ ਕਿ ਇਹ ਪੁਲ 6 ਅਪ੍ਰੈਲ (ਵੀਰਵਾਰ) ਨੂੰ ਰਾਤ 11 ਵਜੇ ਤੋਂ ਲੈ ਕੇ 11 ਅਪ੍ਰੈਲ (ਮੰਗਲਵਾਰ) ਸਵੇਰੇ 5 ਵਜੇ ਤੱਕ ਦੋਹਾਂ ਪਾਸਿਆਂ ਤੋਂ ਮੁਕੰਮਲ ਬੰਦ ਰਹੇਗਾ। ਇਸ ਦੌਰਾਨ ਟ੍ਰਾਂਸਲਿੰਕ ਇਸ ਪੁਲ ਦੇ ਸਪੀਡ ਸਾਈਨ ਰੀਲੋਕੇਸ਼ਨ, ਲਾਈਨ ਪੇਂਟਿੰਗ, ਕੰਕਰੀਟ ਪੈਚਿੰਗ ਅਤੇ ਓਵਰਹੈੱਡ ਬ੍ਰਿਜ ਟਰਸ ਉੱਤੇ ਰੱਸੀ ਦੀ ਪਹੁੰਚ ਦੀ ਲੋੜ ਵਾਲੇ ਨਿਰੀਖਣ ਕਾਰਜ ਕਰੇਗਾ। ਟਰਾਂਸਲਿੰਕ ਨੇ ਇਸ ਪੁਲ ਤੋਂ ਲੰਘਣ ਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਹਫਤੇ ਦੌਰਾਨ ਪੋਰਟ ਮਾਨ ਬ੍ਰਿਜ ਜਾਂ ਅਲੈਕਸ ਫਰੇਜ਼ਰ ਬ੍ਰਿਜ ਦੀ ਵਰਤੋਂ ਕਰਨ। ਪੈਟੂਲੋ ਪੁਲ ਬੰਦ ਹੋਣ ਨਾਲ ਪ੍ਰਭਾਵਿਤ ਹੋਣ ਵਾਲੀ ©19 ਨਾਈਟ–ਬੱਸ ਸਰਵਿਸ ਨੂੰ ਨਿਊ ਵੈਸਟਮਿੰਸਟਰ ਅਤੇ ਸਕਾਟ ਰੋਡ ਸਟੇਸ਼ਨਾਂ ਦੇ ਵਿਚਕਾਰ ਅਲੈਕਸ ਫਰੇਜ਼ਰ ਅਤੇ ਕਵੀਂਸਬਰੋ ਬ੍ਰਿਜ 'ਤੇ ਮੁੜ ਰੂਟ ਕੀਤਾ ਜਾਵੇਗਾ। ਇਹ ਵੀ ਕਿਹਾ ਗਿਆ ਹੈ ਕਿ ਮੁਸਾਫਰਾਂ ਨੂੰ ਇਸ ਸਫਰ ਸਮੇਂ 30 ਮਿੰਟ ਦਾ ਜ਼ਿਆਦਾ ਸਮਾਂ ਰੱਖ ਕੇ ਯੋਜਨਾ ਬਣਾਉਣੀ ਚਾਹੀਦੀ ਹੈ।



# .ਗਜ਼ਲ ਮੰਚ ਸਰੀ ਵੱਲੋਂ ਪੰਜਾਬੀ ਕਵਿੱਤਰੀ ਪਰਮਜੀਤ ਦਿਓਲ ਨਾਲ ਵਿਸ਼ੇਸ਼ ਮਿਲਣੀ

ਸਰੀ (ਹਰਦਮ ਮਾਨ)–ਗ਼ਜ਼ਲ ਮੰਚ ਸਰੀ ਵੱਲੋਂ ਬਰੈਂਪਟਨ ਤੋਂ ਆਈ ਪੰਜਾਬੀ ਸ਼ਾਇਰਾ ਪਰਮਜੀਤ ਦਿਓਲ ਨਾਲ ਇਕ ਵਿਸ਼ੇਸ਼ ਮਿਲਣੀ ਕੀਤੀ ਗਈ। ਮੰਚ ਵੱਲੋਂ ਪਰਮਜੀਤ ਦਿਓਲ ਦਾ ਸਵਾਗਤ ਕਰਦਿਆਂ ਮੰਚ ਦੇ ਸਕੱਤਰ ਦਵਿੰਦਰ ਗੌਤਮ ਨੇ ਕਿਹਾ ਕਿ ਪਰਮਜੀਤ ਦਿਓਲ ਸਾਹਿਤ ਦੇ ਵੱਖ ਵੱਖ ਰੂਪਾਂ ਵਿਚ ਆਪਣੀ ਕਲਾ ਦਾ ਇਜ਼ਹਾਰ ਕਰ ਰਹੀ ਹੈ। ਉਹ ਸੁੱਚੇ ਅਹਿਸਾਸਾਂ ਦੀ ਸ਼ਾਇਰਾ ਹੈ ਜੋ ਆਪਣੇ ਮਨ ਦੀਆਂ ਭੋਲੀਆਂ–ਭਾਲੀਆਂ ਸੰਵੇਦਨਾਵਾਂ ਨੂੰ ਕਵਿਤਾ, ਗੀਤ ਜਾਂ ਗ਼ਜ਼ਲ ਦੇ ਦਿਲਕਸ਼ ਲਿਬਾਸ ਪੇਸ਼ ਕਰਦੀ ਹੈ ਅਤੇ ਆਪਣੀ ਸ਼ਾਇਰੀ ਰਾਹੀਂ ਜ਼ਿੰਦਗੀ ਦੀਆਂ ਤੰਗੀਆਂ–ਤੁਰਸ਼ੀਆਂ, ਤਲਖ਼ੀਆਂ ਨੂੰ ਦੂਰ ਕਰਕੇ ਮਨੁੱਖੀ ਜ਼ਿੰਦਗੀ ਨੂੰ ਹੋਰ ਖੂਬਸੂਰਤ ਬਣਾਉਣਾ ਲੋਚਦੀ ਹੈ।



ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਪਰਮਜੀਤ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਉਸ ਦੀ ਕਵਿਤਾ ਵਿਚ ਯੁੱਗਾਂ ਤੋਂ ਸੰਤਾਪੀ ਸਰਾਪੀ ਨਾਰੀ ਦੇ ਸਰੋਕਾਰ, ਸੂਲਾਂ ਵਿੰਨ੍ਹੀਆਂ ਫੁਲਕਾਰੀਆਂ ਓੜ੍ਹ ਕੇ ਪਾਠਕਾਂ ਦੇ ਰੂਬਰੂ ਹੁੰਦੇ ਹਨ। ਉਸ ਦੀ ਸ਼ਾਇਰੀ ਨਾਰੀ ਦੀਆਂ ਨਿੱਤ ਕੁਚਲੀਆਂ ਜਾਂਦੀਆਂ ਰੀਝਾਂ ਤੇ ਖੁਰਦੇ ਸੁਪਨਿਆਂ ਦੇ ਸੰਸਾਰ ਦੀਆਂ ਪਰਤਾਂ ਬੜੀ ਸਹਿਜਤਾ ਨਾਲ ਖੋਹਲਦੀ ਹੈ। ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਹਰਦਮ ਮਾਨ ਅਤੇ ਪ੍ਰੀਤ ਮਨਪ੍ਰੀਤ ਨੇ ਪਰਮਜੀਤ ਦਿਓਲ ਨੂੰ ਖੁਸ਼ਆਮਦੀਦ ਕਹਿੰਦਿਆਂ ਆਖਿਆ ਕਿ ਪਰਮਜੀਤ ਦੀ ਸ਼ਾਇਰੀ ਰਾਹੀਂ ਸੱਚੇ–ਸੁੱਚੇ ਅਹਿਸਾਸ ਪ੍ਰਗਟ ਹੁੰਦੇ ਹਨ ਅਤੇ ਅੰਬਰਾਂ ਵਿੱਚ ਉਡਾਰੀਆਂ ਲਾਉਣ ਦੀ ਰੀਝ ਝਲਕਦੀ ਹੈ। ਇਸ ਮੌਕੇ ਗ਼ਜ਼ਲ ਮੰਚ ਸਰੀ ਵੱਲੋਂ ਪਰਮਜੀਤ ਦਿਓਲ ਦਾ ਸਨਮਾਨ ਕੀਤਾ ਗਿਆ। ਪਰਮਜੀਤ ਦਿਓਲ ਨੇ ਇਸ ਮਾਣ ਸਨਮਾਨ ਲਈ ਮੰਚ ਦੇ ਸਾਰੇ ਸ਼ਾਇਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮੇਰੇ ਲਈ ਬਹੁਤ ਹੀ ਹੁਸੀਨ ਪਲ ਹਨ ਜਦੋਂ ਮੈਂ ਪੰਜਾਬੀ ਦੇ ਮਾਣਮੱਤੇ ਗ਼ਜ਼ਲਗੋਆਂ ਦੇ ਰੂਬਰੂ ਹੋ ਰਹੀ ਹਾਂ। ਉਸ ਨੇ ਆਪਣੀ ਸ਼ਾਇਰੀ ਦੇ ਕੁਝ ਚੋਣਵੇਂ ਰੰਗਾਂ ਨਾਲ ਸ਼ਾਇਰਾਂ ਦੀ ਮਹਿਫ਼ਿਲ ਨੂੰ ਸ਼ਿੰਗਾਰਿਆ–

**ਕਦੇ ਸੀ ਜੋੜਿਆ ਖ਼ੁਦ ਨੂੰ ਕਦੇ ਸੀ ਤੋੜਿਆ ਮੈਂ**
**ਤੇ ਏਦਾਂ ਆਪਣਾ ਬੁੱਤ ਆਪ ਹੀ ਸੀ ਭੋਰਿਆ ਮੈਂ**
**ਖਿੜੇ ਇਕ ਫੁੱਲ ਚੰਮੇਲੀ ਦਾ ਤੇਰੇ ਵਿਹੜੇ 'ਚ ਸੱਜਣਾ**
**ਕਦੇ ਕੁਝ ਏਸ ਤੋਂ ਵਧ ਕੇ ਨਹੀਂ ਹੈ ਲੋੜਿਆ ਮੈਂ**

-

**ਬੜਾ ਕੁਝ ਹੈ ਮਨਾਂ ਅੰਦਰ ਸਮਾਂ ਆਇਆ ਤਾਂ ਦੱਸਾਂਗੇ**
**ਹੈ ਕਿਸ ਨੇ ਖੋਭਿਆ ਖੰਜਰ ਸਮਾਂ ਆਇਆ ਤਾਂ ਦੱਸਾਂਗੇ**
**ਬਿਨਾਂ ਪਾਣੀ ਅਸਾਡੇ ਸਾਹਮਣੇ ਬਿਰਹਣ ਦੇ ਹੰਝੂਆਂ ਨਾਲ**
**ਹਰੇ ਹੋਏ ਕਿਵੇਂ ਬੰਜਰ ਸਮਾਂ ਆਇਆ ਤਾਂ ਦੱਸਾਂਗੇ**

-

**ਉਨ੍ਹਾਂ ਨੂੰ ਕਹੋ ਮਘਣ ਦੇਣ ਸਾਡੇ ਚੁੱਲ੍ਹੇ**
**ਬੁਝੇ ਚੁੱਲ੍ਹਿਆਂ ਦਾ ਸਰਾਪ**
**ਉਨ੍ਹਾਂ ਦੀ ਹਰ ਪੀੜ੍ਹੀ ਲਈ ਸਿਸਕੀਆਂ ਬਣ ਸਕਦੈ**

ਇਸ ਮਹਿਫ਼ਿਲ ਵਿਚ ਸ਼ਾਇਰ ਜਸਵਿੰਦਰ, ਦਵਿੰਦਰ ਗੌਤਮ, ਰਾਜਵੰਤ ਰਾਜ, ਕ੍ਰਿਸ਼ਨ ਭਨੋਟ ਅਤੇ ਪ੍ਰੀਤ ਮਨਪ੍ਰੀਤ ਨੇ ਵੀ ਆਪਣਾ ਖ਼ੂਬਸੂਰਤ ਕਲਾਮ ਪੇਸ਼ ਕੀਤਾ। ਇਸ ਮਿਲਣੀ ਵਿਚ ਮੰਚ ਦੇ ਸ਼ਾਇਰਾਂ ਤੋਂ ਇਲਾਵਾ ਸਾਹਿਤ ਅਤੇ ਸਭਿਅਚਾਰ ਨਾਲ ਗੂੜ੍ਹਾ ਸਬੰਧ ਰੱਖਣ ਵਾਲੀਆਂ ਕੁਝ ਸ਼ਖ਼ਸੀਅਤਾਂ ਵੀ ਸ਼ਾਮਲ ਹੋਈਆਂ ਜਿਨ੍ਹਾਂ ਵਿਚ ਲਾਹੌਰ ਦੀ ਪੰਜਾਬ ਯੂਨੀਵਰਸਿਟੀ ਤੋਂ ਆਏ ਪ੍ਰੋ. ਫਰੀਦ, ਭੁਪਿੰਦਰ ਮੱਲ੍ਹੀ, ਕਾਮਰੇਡ ਨਵਰੂਪ ਸਿੰਘ ਅਤੇ ਡਾ. ਸੁਖਵਿੰਦਰ ਵਿਰਕ ਸ਼ਾਮਲ ਸਨ।



੧ਓ ਵਾਹਿਗੁਰੂ ਜੀ ਕੀ ਫ਼ਤਿਹ॥

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ | ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

FIRST GOD CREATED LIGHT AND THEN BY HIS OMNIPOTENCE MADE ALL THE MORTALS.
FROM THE ONE LIGHT HAS WELLED UP THE WHOLE UNIVERSE. THEN WHO IS GOOD AND WHO IS BAD

# KHALSA DIWAN SOCIETY, ABBOTSFORD

# ਖ਼ਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ

(Incorporated as a Society under The "Societies Act")

Address: 33094 South Fraser Way, Abbotsford, BC V2S 2A8 | Phone: 604-850-7338

Email: info@khalsadiwansociety.ca | Website: khalsadiwansociety.ca

## Notice of Annual General Meeting

Notice is hereby given of the annual general meeting to the registered members of the Khalsa Diwan Society Abbotsford.

**Date:**

**Sunday, April 16, 2023**

**Time:**

**1:00 P.M.**

**Location:**

**Prayer Hall 33094 South Fraser Way, Abbotsford, B.C**

### The agenda will be as following:

1. Ardaas and Hukamnama
2. President welcome to members and start meeting.
3. Last AGM meeting minutes
4. Financial Report
5. New Business
6. Meeting adjourned

**All voting members are allowed to attend this meeting.**

## ਜ਼ਰੂਰੀ ਸੂਚਨਾ ਸਲਾਨਾ ਜਨਰਲ ਮੀਟਿੰਗ

ਖਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ ਦੇ ਰਜਿਸਟਰਡ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੋਸਾਇਟੀ ਦੀ ਸਲਾਨਾ ਜਰਨਲ ਮੀਟਿੰਗ ਹੇਠ ਲਿਖੇ ਅਨੁਸਾਰ ਹੋਵੇਗੀ।

**ਤਾਰੀਖ਼**

**ਐਤਵਾਰ, ਅਪ੍ਰੈਲ 16, 2023**

**ਸਮਾਂ**

**1:00 ਵਜੇ ਬਾਅਦ ਦੁਪਹਿਰ**

**ਸਥਾਨ**

**ਦਰਬਾਰ ਹਾਲ, 33094 ਸਾਊਥ ਫਰੇਜ਼ਰ ਵੇਅ, ਐਬਟਸਫੋਰਡ, ਬੀ.ਸੀ.**

### ਏਜੈਂਡੇ ਦਾ ਵੇਰਵਾ

1. ਅਰਦਾਸ ਅਤੇ ਹੁਕਮਨਾਮਾ।
2. ਪ੍ਰਧਾਨ ਵਲੋਂ ਜੀ ਆਇਆਂ ਨੂੰ ਅਤੇ ਮੀਟਿੰਗ ਆਰੰਭ ਕਰਨ ਦੀ ਆਗਿਆ।
3. ਪਿਛਲੇ ਸਾਲ ਦੀ ਸਲਾਨਾ ਮੀਟਿੰਗ ਦੀ ਰਿਪੋਰਟ।
4. ਸਲਾਨਾ ਆਮਦਨ ਤੇ ਖਰਚ ਦਾ ਵੇਰਵਾ ਰਿਪੋਰਟ।
5. 2023 ਦੇ ਸਾਲ ਵਾਸਤੇ ਸੁਝਾਅ।
6. ਮੀਟਿੰਗ ਅਡਜਰਨ ਕੀਤੀ ਜਾਵੇਗੀ।


**ਸਾਰੇ ਵੋਟਿੰਗ ਮੈਂਬਰਾਂ ਨੂੰ ਮੀਟਿੰਗ ਵਿੱਚ ਹਾਜ਼ਰ ਹੋਣ ਦੀ ਆਗਿਆ ਹੈ।**

1 ਅਪ੍ਰੈਲ ਬਰਸੀ 'ਤੇ ਵਿਸ਼ੇਸ਼

# ਸਿੱਖੀ ਸਿਦਕ ਦਾ ਮੁਜੱਸਮਾ ਜਥੇਦਾਰ ਗੁਰਚਰਨ ਸਿੰਘ ਟੌਹੜਾ



ਉਜਾਗਰ ਸਿੰਘ
94178-13072



ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਇਸ ਫਾਨੀ ਸੰਸਾਰ ਤੋਂ ਅਲਵਿਦਾ ਲਿਆਂ 19 ਸਾਲ ਬੀਤ ਗਏ ਹਨ ਪ੍ਰੰਤੂ ਉਨਾਂ ਦੇ ਧਾਰਮਿਕ ਖੇਤਰ ਵਿੱਚ ਪਾਏ ਯੋਗਦਾਨ ਨੂੰ ਅੱਜ ਵੀ ਸਿੱਖ ਸੰਗਤ ਯਾਦ ਕਰ ਰਹੀ ਹੈ। ਭਾਵੇਂ ਉਹ ਸਿਆਸੀ ਵਿਅਕਤੀ ਸਨ ਪ੍ਰੰਤੂ ਉਨਾਂ ਸਿਆਸਤ ਨੂੰ ਆਪਣੀਆਂ ਧਾਰਮਿਕ ਸਰਗਰਮੀਆਂ ਉਪਰ ਭਾਰੂ ਨਹੀਂ ਪੈਣ ਦਿੱਤਾ। ਉਨਾਂ ਦੀ ਹਮੇਸ਼ਾ ਪਹਿਲ ਸਿੱਖ ਧਰਮ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਦੀ ਹੁੰਦੀ ਸੀ। ਟੌਹੜਾ ਪਿੰਡ ਦੇ ਲੋਕ ਸੱਥਾਂ ਵਿੱਚ ਬੈਠਕੇ ਵਰਤਮਾਨ ਸਿੱਖ ਨੇਤਾਵਾਂ ਦੀਆਂ ਸਿੱਖ ਧਰਮ ਦੀ ਸਰਵਉਚਤਾ ਕਾਇਮ ਰੱਖਣ ਲਈ ਕੀਤੀਆਂ ਜਾ ਰਹੀਆਂ ਕਾਰਵਾਈਆਂ ਤੇ ਕਿੰਤੂ ਪ੍ਰੰਤੂ ਕਰਦੇ ਹੋਏ ਜਥੇਦਾਰ ਟੌਹੜਾ ਦੇ ਕਦਾਵਰ ਵਿਅਕਤੀਤਿਵ 'ਤੇ ਮਾਣ ਨਾਲ ਫ਼ਖ਼ਰ ਮਹਿਸੂਸ ਕਰਦੇ ਹਨ। ਜਥੇਦਾਰ ਟੌਹੜਾ ਤੋਂ ਬਿਨਾਂ ਟੌਹੜਾ ਪਿੰਡ ਉਦਾਸ ਵਿਖਾਈ ਦਿੰਦਾ ਹੈ, ਜਿਥੇ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਹੀ ਰੌਣਕਾਂ ਲੱਗ ਜਾਂਦੀਆਂ ਸਨ, ਅੱਜ ਟੌਹੜਾ ਪਿੰਡ ਦੀਆਂ ਗਲੀਆਂ ਸੁੰਨਸਾਨ ਪਈਆਂ ਹਨ। ਅੱਜ ਜਦੋਂ ਸਿੱਖ ਜਗਤ ਦੁਬਿਧਾ ਵਿੱਚ ਪਿਆ ਹੋਇਆ ਹੈ ਤਾਂ ਗੁਰਚਰਨ ਸਿੰਘ ਟੌਹੜਾ ਵਰਗੇ ਸਿਦਕਵਾਨ ਸਿੱਖ ਨੇਤਾ ਦੀ ਲੋੜ ਮਹਿਸੂਸ ਹੋ ਰਹੀ ਹੈ। ਸਿੱਖ ਨੌਜਵਾਨ ਸਿੱਖ ਸਿਧਾਂਤਾਂ ਤੋਂ ਕਿਨਾਰਾ ਕਰੀ ਜਾ ਰਹੇ ਹਨ। ਉਨਾਂ 'ਤੇ ਪਤਿਤਪੁਣਾ ਭਾਰੂ ਹੈ ਅਤੇ ਸਿੱਖੀ ਸੋਚ ਦੀ ਵਿਚਾਰਧਾਰਾ 'ਤੇ ਅਮਲ ਬਾਰੇ ਭੰਬਲਭੂਸੇ ਵਿੱਚ ਪਏ ਹੋਏ ਹਨ। ਅਜਿਹੇ ਨਾਜ਼ੁਕ ਸਮੇਂ ਵਿੱਚ ਉਨਾਂ ਨੂੰ ਯੋਗ ਅਗਵਾਈ ਦੇਣ ਵਾਲਾ ਕਦਾਵਰ ਧਾਰਮਿਕ ਨੇਤਾ ਨਹੀਂ ਹੈ। ਗੰਭੀਰ ਸੰਕਟ ਦੇ ਸਮੇਂ ਸਿੱਖੀ ਸਿਦਕ ਦੇ ਮੁੱਦਈ ਗੁਰਮਤਿ ਦੇ ਧਾਰਨੀ ਧਾਰਮਿਕ ਵਿਦਵਾਨ ਬੁੱਧੀਜੀਵੀਆਂ ਨੂੰ ਯੋਗ ਅਗਵਾਈ ਲਈ ਮੋਹਰੀ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਗੁਰਚਰਨ ਸਿੰਘ ਟੌਹੜਾ 18 ਸਾਲ ਸਿੱਖੀ ਅਤੇ ਸਿੱਖ ਵਿਚਾਰਧਾਰਾ ਦੇ ਪ੍ਰਚਾਰਕ ਦੇ ਤੌਰ ਤੇ ਵਿਚਰਦੇ ਰਹੇ। ਉਹ ਸਾਰੀ ਉਮਰ ਸਿੱਖ ਵਿਚਾਰਧਾਰਾ ਨੂੰ ਸਮਰਪਤ ਰਹੇ। ਉਨਾਂ ਨੇ ਭਾਵੇਂ ਬਹੁਤੀ ਅਕਾਦਮਿਕ ਵਿਦਿਆ ਪ੍ਰਾਪਤ ਨਹੀਂ ਕੀਤੀ ਪ੍ਰੰਤੂ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕਰ ਲਈ ਅਤੇ ਥੋੜ੍ਹਾ ਸਮਾਂ ਸੰਸਕ੍ਰਿਤ ਵਿਦਿਆਲਿਆ ਪਟਿਆਲਾ ਵਿੱਚ ਪੜ੍ਹਾਈ ਕੀਤੀ। ਉਨਾਂ ਨੇ 14 ਸਾਲ ਦੀ ਉਮਰ ਵਿੱਚ ਸ਼ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਕੇ ਆਪਣਾ ਧਾਰਮਿਕ ਅਤੇ ਸਿਆਸੀ ਜੀਵਨ ਸ਼ੁਰੂ ਕਰ ਲਿਆ ਸੀ। ਉਨਾਂ ਨੇ ਅਕਾਲੀ ਮੋਰਚੇ ਵਿੱਚ 1944 ਵਿੱਚ ਹਿੱਸਾ ਲਿਆ ਅਤੇ ਜੇਲ ਯਾਤਰਾ ਵੀ ਕੀਤੀ। ਇਸ ਤੋ ਬਾਅਦ ਉਨਾਂ ਨੇ ਹਰ ਅਕਾਲੀ ਮੋਰਚੇ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਅਨੇਕਾਂ ਵਾਰ ਜੇਲ ਕੱਟੀ। 1960 ਵਿੱਚ ਉਹ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ ਲਗਾਤਾਰ ਉਸ ਤੋਂ ਬਾਅਦ ਆਪਣੀ ਮੌਤ 1 ਅਪ੍ਰੈਲ 2004 ਤੱਕ ਇਸਦੇ ਮੈਂਬਰ ਰਹੇ। ਉਹ 6 ਜਨਵਰੀ 1973 ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਅਤੇ 28 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ, ਇਸ ਸਮੇਂ ਦੌਰਾਨ ਉਨਾਂ ਨੇ ਸਿੱਖੀ ਸੋਚ, ਪਰੰਪਰਾਵਾਂ ਅਤੇ ਵਿਚਾਰਧਾਰਾ ਨਾਲ ਨੌਜਵਾਨ ਪੀੜ੍ਹੀ ਨੂੰ ਜੋੜਨ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ। ਕੁਝ ਹੱਦ ਤੱਕ ਉਹ ਸਫਲ ਵੀ ਹੋਏ। ਉਹ ਹਮੇਸ਼ਾ ਇਹ ਕਹਿੰਦੇ ਸਨ ਕਿ ਭਾਵੇਂ ਤੁਸੀਂ ਕਿਸੇ ਵੀ ਧਰਮ ਦੇ ਮੁੱਦਈ ਹੋਵੋ ਪ੍ਰੰਤੂ ਆਪੋ ਆਪਣੇ ਧਰਮ ਵਿੱਚ ਪ੍ਰਪੱਕ ਹੋਣੇ ਚਾਹੀਦੇ ਹੋ। ਉਹ 1 ਅਪ੍ਰੈਲ 2004 ਨੂੰ ਸਾਡੇ ਤੋਂ ਵਿਦਾ ਹੋ ਗਏ ਸਨ। ਉਨਾਂ ਦੀ ਧਾਰਮਿਕ ਅਕੀਦਤ ਅਤੇ ਸਮਰਪਣ ਭਾਵਨਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨਾਂ ਨੂੰ ਦਿਲ ਦਾ ਦੌਰਾ ਵੀ ਉਸ ਸਮੇਂ ਪਿਆ ਜਦੋਂ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਵਿੱਚ ਹਿੱਸਾ ਲੈ ਰਹੇ ਸਨ। ਅਜੇ ਉਨਾਂ ਨੂੰ ਇਸ ਫ਼ਾਨੀ ਸੰਸਾਰ ਤੋਂ ਅਲਵਿਦਾ ਹੋਇਆਂ 19 ਸਾਲ ਹੀ ਹੋਏ ਹਨ ਪ੍ਰੰਤੂ ਸਿੱਖ ਧਰਮ ਵਿੱਚ ਨਿਘਾਰ ਬਹੁਤ ਜ਼ਿਆਦਾ ਆ ਗਿਆ ਹੈ। ਇਸ ਸਮੇਂ ਸਿੱਖ ਜਗਤ ਘੋਰ ਸੰਕਟ ਵਿੱਚ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗਾ ਵਿਅਕਤੀ ਹੀ, ਉਸ ਨੂੰ ਸੁਚੱਜੀ ਅਗਵਾਈ ਦੇ ਕੇ ਸਹੀ ਰਸਤੇ 'ਤੇ ਲਿਆ ਸਕਦਾ ਹੈ। 80ਵਿਆਂ ਵਿੱਚ ਸਿੱਖ ਨੌਜਵਾਨਾ ਨੇ ਇਕ ਲਹਿਰ ਚਲਾਈ ਸੀ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਘਰਾਂ ਤੋਂ ਬਾਹਰ ਪ੍ਰਕਾਸ਼ ਕਰਨ ਤੇ ਪਾਬੰਦੀ ਲਾਈ ਸੀ। ਵਿਆਹਾਂ ਸਮੇਂ ਆਨੰਦ ਕਾਰਜ ਵੀ ਸਿਰਫ ਗੁਰੂ ਘਰਾਂ ਵਿੱਚ ਕਰਨ ਲਈ ਕਿਹਾ ਸੀ, ਜਿਸ 'ਤੇ ਪੂਰਾ ਅਮਲ ਹੁੰਦਾ ਰਿਹਾ ਪ੍ਰੰਤੂ ਅੱਜ ਕੀ ਹੋ ਰਿਹਾ ਹੈ, ਇਹ ਤੁਹਾਡੇ ਸਾਹਮਣੇ ਹਨ। ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਥਾਂ ਕੁ ਥਾਂ ਲਈ ਫਿਰਦੇ ਹਨ। ਮਰਿਆਦਾ 'ਤੇ ਪੂਰਾ ਅਮਲ ਨਹੀਂ ਹੋ ਰਿਹਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਿਛਲੇ 19 ਸਾਲਾਂ ਤੋਂ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਰਹੀ ਹੈ। ਨੌਜਵਾਨਾ ਨੂੰ ਸਹੀ ਦਿਸ਼ਾ ਨਿਰਦੇਸ਼ ਨਹੀਂ ਮਿਲ ਰਹੇ। ਨੌਜਵਾਨ ਪਤਿਤ ਹੋ ਰਹੇ ਹਨ। ਇਸ ਵਜਾਹ ਕਰਕੇ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਯਾਦ ਆ ਰਹੀ ਹੈ। ਸਿੱਖ ਜਗਤ ਲਈ ਹਾਲਾਤ ਸਾਜਗਾਰ ਨਹੀਂ ਹਨ। ਜਥੇਦਾਰ ਗੁਰਚਰਨ ਸਿੰਘ ਹਰ ਕਦਮ ਸਮੇਂ ਦੀ ਨਜ਼ਾਕਤ ਅਨੁਸਾਰ ਚੁੱਕਦੇ ਸਨ। ਇਕ ਉਦਾਹਰਣ ਦੇਵਾਂਗਾ, ਮੈਨੂੰ ਚੰਗੀ ਤਰਾਂ ਯਾਦ ਹੈ ਕਿ ਜਦੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਉਪਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਪਟਿਆਲਾ ਲੋਕ ਸਭਾ ਦੀ ਚੋਣ ਸਮੇਂ ਨਿਰੰਕਾਰੀ ਭਵਨ ਵਿੱਚ ਜਾਣ 'ਤੇ ਵਾਵਰੋਲਾ ਉਠਿਆ ਸੀ, ਉਸ ਸਮੇਂ ਉਨਾਂ ਬੇਬਾਕੀ ਨਾਲ ਕਿਹਾ ਸੀ ਕਿ ਪੰਜਾਬ ਵਿੱਚ ਸਦਭਾਵਨਾ ਦਾ ਮਾਹੌਲ ਪੈਦਾ ਕਰਨ ਅਤੇ ਸ਼ਾਂਤੀ ਸਥਾਪਤ ਕਰਨ ਲਈ ਅਜਿਹੇ ਕਦਮ ਚੁਕਣੇ ਪੈਂਦੇ ਹਨ। ਉਹ ਹਿੰਦੂ ਸਿੱਖਾਂ ਵਿੱਚੋਂ ਕੁੜੱਤਣ ਖ਼ਤਮ ਕਰਨ ਦੇ ਹੱਕ ਵਿੱਚ ਸਨ। ਉਸ ਸਮੇਂ ਉਨਾਂ ਦੇ ਜਵਾਈ ਹਰਮੇਲ ਸਿੰਘ ਟੌਹੜਾ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸਨ। ਉਨਾਂ ਨੇ ਪਟਿਆਲਾ-ਅਮਲੋਹ ਸੜਕ 'ਤੇ ਨਹਿਰ ਦੇ ਪੁਲ ਦਾ ਨੀਹ ਪੱਥਰ ਟੌਹੜਾ ਸਾਹਿਬ ਤੋਂ ਰਖਵਾਇਆ ਸੀ। ਉਦੋਂ ਮੈਂ ਜਿਲਾ ਲੋਕ ਸੰਪਰਕ ਅਧਿਕਾਰੀ ਪਟਿਆਲਾ ਸੀ। ਮੇਰੇ ਨਾਲ ਕੁਝ ਪੱਤਰਕਾਰ ਟੌਹੜਾ ਸਾਹਿਬ ਨੂੰ ਮਿਲਣ ਲਈ ਸਮਾਗਮ 'ਤੇ ਗਏ ਸਨ। ਟੌਹੜਾ ਸਾਹਿਬ ਨੇ ਕਿਹਾ ਕਿ ਤੁਸੀਂ ਸਰਕਟ ਹਾਊਸ ਚਲੋ ਮੈਂ ਉਥੇ ਹੀ ਪੱਤਰਕਾਰਾਂ ਨਾਲ ਗੱਲ ਕਰਾਂਗਾ। ਉਨਾਂ ਸਰਕਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਆਫ਼ ਦਾ ਰਿਕਾਰਡ ਨਿਰੰਕਾਰੀ ਭਵਨ ਜਾਣ ਬਾਰੇ ਸਾਰੀ ਗੱਲ ਦੱਸ ਦਿੱਤੀ ਸੀ, ਜਿਸ ਵਿੱਚ ਉਨਾਂ ਕਿਹਾ ਸੀ ਕਿ ਪੰਜਾਬ ਵਿੱਚ ਸ਼ਾਂਤੀ ਸਥਾਪਤ ਕਰਨ ਲਈ ਮੈਂ ਹਰ ਕੁਰਬਾਨੀ ਕਰਨ ਲਈ ਤਿਆਰ ਹਾਂ। ਅਜਿਹੇ ਸਨ ਜਥੇਦਾਰ ਗੁਰਚਰਨ ਸਿੰਘ ਟੌਹੜਾ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਦੀਆਂ ਗ਼ਲਤੀਆਂ ਕਰਕੇ ਸਿੱਖ ਜਗਤ ਅਤੇ ਖਾਸ ਕਰਕੇ ਸਿੱਖ ਨੌਜਵਾਨ ਦਿਸ਼ਾਹੀਣ ਹੋਏ ਪਏ ਹਨ। ਸਿੱਖ ਬੁੱਧੀਜੀਵੀਆਂ ਨੂੰ ਆਪਸੀ ਖ਼ਹਿਬਾਜ਼ੀ ਛੱਡ ਕੇ ਸਿੱਖ ਧਰਮ ਦੀ ਬਿਹਤਰੀ ਲਈ ਇੱਕਮਤ ਹੋ ਕੇ ਸਿੱਖ ਜਗਤ ਨੂੰ ਸਹੀ ਅਗਵਾਈ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ। ਸਿੱਖ ਜਗਤ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸੋਚ ਅਤੇ ਵਿਚਾਰਧਾਰਾ 'ਤੇ ਪਹਿਰਾ ਦੇਣ ਦਾ ਪ੍ਰਣ ਕਰਨਾ ਚਾਹੀਦਾ ਹੈ। ਸਿੱਖ ਲੀਡਰਸ਼ਿਪ ਨੂੰ ਅੱਜ ਟੌਹੜਾ ਸਾਹਿਬ ਦੀ ਬਰਸੀ 'ਤੇ ਫ਼ੈਸਲਾ ਕਰਨਾ ਚਾਹੀਦਾ ਹੈ ਕਿ ਉਹ ਸਿੱਖ ਧਰਮ ਦੀ ਪ੍ਰਫੁਲਤਾ ਲਈ ਆਪਸੀ ਮਤਭੇਦ ਭੁਲਾ ਕੇ ਏਕਤਾ ਦਾ ਸਬੂਤ ਦੇਣਗੇ। ਜੇਕਰ ਸਿੱਖ ਨੇਤਾ ਏਸੇ ਤਰਾਂ ਅੱਡੋਫਾਟੀ ਹੋਏ ਰਹੇ ਤਾਂ ਸਿੱਖ ਧਰਮ ਦਾ ਨੁਕਸਾਨ ਹੋਵੇਗਾ। ਆਪਸੀ ਟਕਰਾਓ ਨਾਲ ਸਿੱਖ ਜਗਤ ਦਾ ਨੁਕਸਾਨ ਹੋ ਰਿਹਾ ਹੈ। ਏਕਤਾ ਦਾ ਸਬੂਤ ਦੇਣਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।










ੴ ਵਾਹਿਗੁਰੂ ਜੀ ਕੀ ਫਤਿਹ॥

# ਖਾਲਸਾ ਦੀਵਾਨ ਸੁਸਾਇਟੀ

ਦੇਗ ਤੇਗ ਫਤਹਿ | ਪੰਥ ਕੀ ਜੀਤ

8000 Khalsa Deewan Road, Vancouver, B.C. Canada, V5X 4C5 Ph. (604) 322-5610, (604) 324-2010, kdsross@live.com

ਇੰਡੀਆ ਤੋਂ ਬਾਹਰ ਇਤਿਹਾਸਕ ਅਤੇ ਮੋਢੀ ਸੰਸਥਾ ਵਾਲਾ ਗੁਰਦਵਾਰਾ ਸਾਹਿਬ ਜੋ ਸਾਡੇ ਬਜ਼ੁਰਗਾਂ, ਜਿਨ੍ਹਾਂ ਦੀ ਬਦੌਲਤ ਅਸੀਂ ਅੱਜ ਸੁੱਖ ਮਾਣ ਰਹੇ ਹਾਂ, ਨੇ ਬਹੁਤ ਤਕਲੀਫਾਂ ਵਿਚ ਦੀ ਲੰਘਦਿਆਂ ਹੋਇਆ ਬਣਾਇਆ ਸੀ, ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ

# ਮਹਾਨ ਨਗਰ ਕੀਰਤਨ

## 15 ਅਪ੍ਰੈਲ, 2023 ਦਿਨ ਸ਼ਨਿੱਚਰਵਾਰ

ਨੂੰ ਅਯੋਜਿਤ ਕੀਤਾ ਜਾ ਰਿਹਾ ਹੈ। ਸਮੂਹ ਸੰਗਤਾਂ ਅੱਗੇ ਸਨਿਮਰ ਬੇਨਤੀ ਹੈ ਕਿ ਵੱਧ ਤੋਂ ਵੱਧ ਇਸ ਵਿਚ ਸ਼ਾਮਿਲ ਹੋ ਕੇ ਇਸ ਦੀ ਰੌਣਕ ਨੂੰ ਵਧਾਵੋ ਜੀ।



### ਜ਼ਰੂਰੀ ਬੇਨਤੀਆਂ

1. ਇਸ ਸਾਲ ਗੁਰਦੁਆਰਾ ਸਾਹਿਬ ਜੀ ਦੇ ਮੇਨ ਹਾਲ ਵਿਖੇ ਮੁੱਖ ਮਹਿਮਾਨ 9:00 ਤੋਂ 10:00 ਵਜੇ ਤੱਕ ਵਿਚਾਰ ਰੱਖਣਗੇ।
2. ਠੀਕ 10:30 ਵਜੇ ਸਵੇਰੇ ਨਗਰ ਕੀਰਤਨ ਚਾਲੇ ਪਾਵੇਗਾ।
3. ਨਗਰ ਕੀਰਤਨ ਦਾ ਰੂਟ ਪੁਰਾਣਾ ਪਿਛਲੇ ਸਾਲਾਂ ਵਾਲਾ ਹੀ ਹੈ।
4. ਸੁਰੱਖਿਆ ਦਾ ਖਾਸ ਖਿਆਲ ਰੱਖਣਾ ਹੈ। ਬੱਚਿਆਂ ਨੂੰ ਆਪਣੇ ਕੰਟਰੋਲ ਵਿਚ ਰੱਖੋ।
5. ਸਫਾਈ ਦਾ ਵੱਧ ਤੋਂ ਵੱਧ ਖਿਆਲ ਰੱਖਣਾ ਹੈ।
6. ਲੋਕਾਂ ਦੀਆਂ ਜਾਇਦਾਦਾਂ ਦਾ ਖਿਆਲ ਰੱਖਣਾ ਹੈ। ਘਾਹ ਵਗੈਰਾ ਉੱਪਰ ਨਹੀਂ ਚੱਲਣਾ।
7. ਜਿੱਥੇ ਕਾਰਾਂ ਪਾਰਕ ਕਰਨੀਆਂ ਮਨ੍ਹਾਂ ਹਨ ਉੱਥੇ ਕਾਰਾਂ ਬਿਲਕੁਲ ਖੜੀਆਂ ਨਹੀਂ ਕਰਨੀਆਂ।
8. ਰਸਤੇ ਵਿਚ ਰੱਖੇ ਹੋਏ ਵਾਸ਼ਰੂਮਾਂ ਦੀ ਵਰਤੋਂ ਕਰੋ।
9. ਅਸੀਂ ਉਨ੍ਹਾਂ ਸਾਰੇ ਪਰਿਵਾਰਾਂ ਦੇ ਬਹੁਤ-ਬਹੁਤ ਧੰਨਵਾਦੀ ਹਾਂ ਜੋ ਰਸਤੇ ਵਿਚ ਸੰਗਤਾਂ ਦੀ ਸੇਵਾ ਚਾਹ ਪਾਣੀ ਨਾਲ ਕਰਦੇ ਹਨ ਅਤੇ ਸਟਾਲ ਲਗਾਉਂਦੇ ਹਨ। ਉਨ੍ਹਾਂ ਅੱਗੇ ਬੇਨਤੀ ਹੈ ਕਿ ਸਫ਼ਾਈ ਦਾ ਵੀ ਖਾਸ ਖਿਆਲ ਰੱਖੋਂ।
10. ਪੰਜਾਬੀ ਮਾਰਕੀਟ ਵਿਚ ਛੱਤਾਂ ਉੱਪਰ ਨਾ ਚੜ੍ਹੋ।
11. ਹਰ ਫਲੋਟ ਦੇ ਆਲੇ-ਦੁਆਲੇ ਰੱਸੀ ਫੜੀ ਜਾਵੇਗੀ ਤਾਂ ਜੋ ਬੱਚੇ ਅਚਾਨਕ ਦੌੜ ਕੇ ਫਲੋਟਾਂ ਦੇ ਥੱਲੇ ਵੱਲ ਨਾ ਦੌੜ ਕੇ ਜਾਣ।
12. ਨਗਰ ਕੀਰਤਨ ਵਿਚ ਉੱਘੇ ਵਿਦਵਾਨ ਅਤੇ ਪੰਥ ਪ੍ਰਸਿੱਧ ਜਥੇ ਭਾਗ ਲੈ ਰਹੇ ਹਨ।
13. ਪੰਜਾਬੀ ਮਾਰਕਿਟ ਵਿਖੇ 50 ਐਵਨਿਊ 'ਤੇ ਸਟੇਜ ਲੱਗੇਗੀ।
14. ਫੂਡ ਸਟਾਲ ਲਾਉਣ ਵਾਲਿਆਂ ਲਈ ਫੂਡ ਸੇਫਟੀ ਸਰਟੀਫਿਕੇਟ ਲੈਣਾ ਜ਼ਰੂਰੀ ਹੈ। ਇਸ ਲਈ ਗੁਰੂਘਰ ਨਾਲ ਸੰਪਰਕ ਕਰੋ।
15. ਲੰਗਰ ਦੀ ਸੇਵਾ ਕਰਨ ਵਾਲੇ ਕ੍ਰਿਪਾ ਕਰਕੇ ਮੁਫਤ ਫੂਡ ਸੇਫਟੀ ਫਾਰਮ ਭਰ ਲੈਣ। ਇਹ ਆਨਲਾਈਨ kdsross.com ਤੇ ਉਪਲਬਧ ਹੈ ਜਾਂ ਤੁਸੀਂ ਗੁਰਦੁਆਰਾ ਸਾਹਿਬ ਤੋਂ ਸੋਸ਼ਲ ਸਰਵਿਸਜ਼ ਦਫਤਰ ਵਿਚ ਸਵੇਰੇ 10 ਵਜੇ ਤੋਂ 12 ਵਜੇ ਤੱਕ ਆ ਕੇ ਫਾਰਮ ਭਰਨ ਵਿਚ ਸਹਾਇਤਾ ਲੈ ਸਕਦੇ ਹੋ।




**16 ਅਪ੍ਰੈਲ ਦਿਨ ਐਤਵਾਰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ**

## 15 ਅਪ੍ਰੈਲ ਦਿਨ ਸ਼ਨਿੱਚਰਵਾਰ ਸਵੇਰੇ 8:00 ਤੋਂ 9:00 ਵਜੇ ਤੱਕ ਗੁਰੂਘਰ ਦੀ ਸਟੇਜ 'ਤੇ ਕੀਰਤਨੀ ਜਥੇ ਅਤੇ ਢਾਡੀ ਜਥੇ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ।

ਨਗਰ ਕੀਰਤਨ ਵਾਲੇ ਦਿਨ ਜਿੱਥੇ ਵੀ ਕਿਤੇ 'ਨੋ ਪਾਰਕਿੰਗ' ਦਾ ਸਾਈਨ ਹੋਵੇ ਉੱਥੇ ਆਪਣੀਆਂ ਕਾਰਾਂ ਪਾਰਕ ਨਾ ਕਰੋ। ਫਰੇਜ਼ਰਵਿਊ ਹਾਲ ਦੇ ਮਾਲਕ ਸ੍ਰੀ ਖੰਨਾ ਅਨੁਸਾਰ ਨਗਰ ਕੀਰਤਨ ਵਾਲੇ ਦਿਨ ਉਨ੍ਹਾਂ ਦੇ ਹਾਲ ਦੀ ਪਾਰਕਿੰਗ ਲਾਟ ਸਵੇਰੇ 8:00 ਵਜੇ ਤੋਂ ਬਾਅਦ ਦੁਪਹਿਰ 4:00 ਵਜੇ ਤੱਕ ਸੰਗਤਾਂ ਲਈ ਮੁਫਤ ਉਪਲਬਧ ਹੋਵੇਗੀ।

14 ਅਪ੍ਰੈਲ ਦਿਨ ਸ਼ੁੱਕਰਵਾਰ ਬਾਅਦ ਦੁਪਿਹਰ 12:00 ਵਜੇ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਬਦਲੀ ਕੀਤੀ ਜਾਵੇਗੀ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਇਸ ਸੇਵਾ ਵਿਚ ਹੱਥ ਵਟਾਓ।

## ਸੰਗਤਾਂ ਦੇ ਦਾਸ: ਸਮੂਹ ਪ੍ਰਬੰਧਕ ਕਮੇਟੀ

| | | | |
|---|---|---|---|
| ਕੁਲਦੀਪ ਸਿੰਘ ਥਾਂਦੀ ਪ੍ਰਧਾਨ | ਸੁਖਪਾਲ ਸਿੰਘ ਛੂਟੀ ਖਜਾਨਚੀ | ਕਸ਼ਮੀਰ ਸਿੰਘ ਧਾਲੀਵਾਲ ਜਨਰਲ ਸਕੱਤਰ | ਗਿਆਨੀ ਹਰਮਿੰਦਰਪਾਲ ਸਿੰਘ |
| 604-377-3114 | 778-840-5602 | 778-881-4216 | 778-706-5166 |



## BRIDE WANTED
## ਲੜਕੀ ਦੀ ਲੋੜ

### Bride Wanted

**USA CITIZEN Handsome Boy 32 years old, 5'11" height Well educated, Well Settled Sikh Family Prefer Punjabi Girl**, looking in America or Canada height minimum 5'4" Contact +15103968812

**MARCH.**

### ਲੜਕੀ ਦੀ ਲੋੜ

ਜੱਟ ਸਿੱਖ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਨੌਨ ਮੈਡੀਕਲ, ਡਬਲ ਐਮ.ਏ, ਪੰਜਾਬ ਰਹਿੰਦੇ ਲੜਕੇ ਲਈ ਕੈਨੇਡਾ ਪੀ.ਆਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਫੋਨ ਕਰੋ 204-295-4701

### Name Change

I Mahbir Singh Bath s/o Lakhwinder Singh R/o VPO BATH BATH, Distt TARN TARAN, punjab, India, Passport number: V3086550, Present adress 20031 28ave NW Edmonton Alberta T6M 0W8

have changed my name to Mahbir Singh Batth. All concerned note Please.

Contact 780-243-4006

**MARCH.**

### Bride Wanted

**Jatt Sikh Gill family seeks a suitable match for their son, 29 yrs old. 5\`11\`\` tall, Canadian born, well settled, Architect and doing Real Estate Business, handsome, family orietned.** The girl should be Canadian citizen/PR, Professionally educated. Call-604-832-7232 or 604-615-8088

**APRIL.**

### ਕਨੇਡੀਅਨ ਲੜਕੀ ਦੀ ਲੋੜ

**ਕਨੈਡਾ ਦੀਆਂ ਪੀ ਆਰ ਲੜਕੀਆਂ ਨੂੰ ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਧਾਮੀ ਇਕਲੌਤੇ ਭਰਾ ਲਈ ਕਨੇਡੀਅਨ ਲ਼ੜਕੀ ਦੀ ਲੋੜ ਹੈ। ਨਸ਼ਿਆਂ ਤੋ ਰਹਿਤ, ਸਰਦਾਰ, ਸਾਊ, ਖ਼ਾਨਦਾਨੀ ਲੜਕੇ ਦਾ ਜਨਮ 24 ਜਨਵਰੀ 1999 ਕੱਦ 5'4 ਇੰਚ, ਵਿੱਦਿਅਕ** ਯੋਗਤਾ Qualification iti Occupations graphics designer ਹੈ। ਲੜਕੇ ਦਾ ਦਾਦਕਾ ਨਾਨਕਾ ਪਰਿਵਾਰ ਕਨੇਡਾ ਵਿੱਚ ਵੈੱਲਸੈਟਲਡ ਹਨ ਸੰਪਰਕ ਕਨੇਡਾ - 416-300-3204 India 9814320452

March

### Bride Wanted

**Canadian citizen jatt sikh divorced, 38 years old, well settled, self-employed, earning 6 Figures.** Looking for suitable MatchContact number- 2049519905

**MARCH.**

## GROOM WANTED
## ਵਰ ਦੀ ਲੋੜ



### Groom Wanted

**Jatt Sikh Gill family seeks a suitable match for their daughter, Canadian born 34 yrs old 5\`-6\`\` tall, degree in Law, working with law firm, beautiful, family oriented.** The boy should be born or raised in Canada, professionally educated and employed, well settled and from jatt Sikh family. Call 604-834-7232 or 604-615-8088

**APRIL.**



### Groom Wanted

**Suitable match for Saini Sikh beautiful Girl, Convent educated, MSc. Chemistry, Canada, Study Permit, Born September 1992, Jalandhar City, 5'5".** Looking for handsome, well-settled boy on work permit or PR only, preferably in BC, Canada. Kindly whatsapp only at 778-956-7035.Kindly Marriage bureau excuse.

**March.**

### Groom Wanted

**Brar Jatt Sikh Girl, born 10 Nov 1993, Height 5 feet 6 inch, Canadian Cityzen, Diploma in business management, , immigration License holder ,** working as a Insurance Advisor, well settled family, 2 brothers in India, seeking suitable match. Interested Please contact- 236-591-2719, Whatsapp number-91-771-054-5804

**APRIL.**

## NEED WORKER
## ਵਰਕਰਾਂ ਦੀ ਲੋੜ

**ਐਡਮਿੰਟਨ ਦੀ ਉਘੀ ਕਲੀਨ ਅੱਪ ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਸਟੂਡੈਂਟ ਵੀ ਕੰਮ ਕਰ ਸਕਦੇ ਹਨ। ਰਾਈਡ ਦਾ ਪੂਰਾ ਪ੍ਰਬੰਧ ਹੈ। ਸੰਪਰਕ ਕਰੋ-** 780-907-9421.

## NEED WORKER/ਕਲੀਨ ਅੱਪ ਵਰਕਰਾਂ ਦੀ ਲੋੜ

**ਵਿੰਨੀਪੈਗ ਦੀ ਕੰਪਨੀ ਐਚ ਐਮ ਟੀ ਬਿਲਡਿੰਗ ਸਰਵਿਸ ਲਿਮਟਡ ਨੂੰ ਕਲੀਨ ਅੱਪ ਵਰਕਰਾਂ ਦੀ ਲੋੜ ਹੈ। ਚਾਹਵਾਨ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦੇ ਹਨ। ਫੋਨ-**431-588-1216


## 'ਦੇਸ-ਪ੍ਰਦੇਸ ਟਾਈਮਜ਼' 'ਚ

## ਮੈਟਰੀਮੋਨੀਅਲ ਤੇ ਕਲਾਸੀਫਾਈਡ ਦੇਣ ਲਈ ਸੰਪਰਕ ਕਰੋ

## 778-772-1994

## ਵਿੰਨੀਪੈੱਗ : 204-955-8396


### Name Change

I Bhupinder Singh S/o Sh Gurmeet singh resident of village Namazipur PO Mule All Kharre, Tehsil Shahkot Distt Jalandhar, Pb at present resident of 18120-75 St NW Edmonton AB,Passport no. J 1841081 DOB-6-4-1986. Have changed my name Bhupinder singh to Bhupinder Singh Josan. All concerned note Please. contact-587-566-6257

# ਛੱਜ ਬਨਾਮ ਛਾਨਣੀ




ਗੁਰਦੇਵ ਸਿੰਘ ਆਲਮਵਾਲਾ

ਛੱਜ ਤਾਂ ਬੋਲੇ, ਛਾਨਣੀ ਕਿਉ ਬੋਲੇ ਜਿਸ ਵਿੱਚ ਸੌ ਸੁਰਾਖ ਹਨ, ਇਹ ਕਹਾਵਤ ਆਂਮ ਬੋਲੀ ਜਾਂਦੀ ਹੈ। ਪ੍ਰੰਤੂ ਜ਼ੋਨਾਂ ਦਾ ਸੰਬੰਧ, ਇਨਸਾਨ ਨਾਲ ਜੁੜਿਆ ਹੋਇਆ। ਦੋਨੋਂ ਹੀ ਇਨਸਾਨ ਦੀ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਦੇ ਪਰ ਜ਼ਿਆਦਾ ਮਹੱਤਤਾ ਛੱਜ ਨੂੰ ਦਿੱਤੀ ਜਾਂਦੀ ਹੈ। ਪੁਰਾਣੇ ਸਮਿਆਂ ਵਿੱਚ ਛੱਜ ਨੂੰ ਮਾਪ ਤੋਲ ਦਾ ਬਰਤਨ ਵੀ ਸਮਝਿਆ ਜਾਂਦਾ ਸੀ। ਕਈ ਵਾਰ ਦਾਣੇ ਜਾਂ ਹੋਰ ਵਸਤੂ ਗੁਆਂਢੀ ਉਧਾਰੇ ਲੈਣ ਆ ਜਾਂਦਾ ਤਾਂ ਛੱਜ ਭਰ ਕੇ ਦੇਣਾ ਤੇ ਲੈਣਾ। ਮੱਝ ਸੱਜਰ ਸੂਈ ਹੋਣੀ ਘਰਦੇ ਵਡੇਰੇ ਕਹਿਣਾ ਕਿ ਦੋ ਛੱਜ ਤੂੜੀ ਦੇ ਤੇ ਦੋ ਸ਼ੇਰ ਉਬਾਲ ਕੇ ਛੋਲੇ ਉੱਖਲ਼ੀ ਪਾਕੇ, ਮੂਹਲ਼ੇ ਨਾਲ ਕੁੱਟ ਕੇ ਪਾਵੋ ਜ਼ੇਰ ਜਲਦੀ ਪੈ ਜਾਵੇਗੀ ਛੱਜ ਤੇ ਚੱਕੀ ਹਰ ਘਰ ਹੋਣੀ। ਇਸ ਤੋਂ ਬਗੈਰ ਘਰ ਅਧੂਰਾ।

ਛੱਜ ਇਕ ਸਰਕਾਨੇ ਦੀਆਂ ਤੀਲਾਂ ਦਾ ਬਣਿਆ ਸੰਦ ਜਾਂ ਬਰਤਨ ਹੁੰਦਾ ਹੈ ਜੋ ਬਹੁਤ ਸਦੀਆਂ ਤੋਂ ਲੋਕਾਂ ਦੀਆਂ ਪੁਰਾਣੇ ਜ਼ਮਾਨੇ ਦੀਆ ਲੋੜਾਂ ਪੂਰੀਆਂ ਕਰਦਾ ਆ ਰਿਹਾ ਹੈ। ਇਸ ਦੀ ਫ਼ਿਤਰਤ ਹੀ ਹੈ ਕਿ ਇਸ ਵਿੱਚ ਪਾਏ ਅਨਾਜ ਦਾਣੇ, ਉਸ ਨੂੰ ਛੱਟ ਕੇ, ਚੰਗੇ ਆਪ ਦੇ ਕੋਲ ਰੱਖਦਾ ਹੈ, ਬੇਕਾਰ, ਖੋਖਲਾ, ਮਿੱਟੀ ਘੱਟਾ ਬਾਹਰ ਨੂੰ ਛੁੱਲਕਦਾ ਹੈ। ਜੇਕਰ ਹਰ ਮਨੁੱਖ ਇਸ ਦੇ ਵਿਧੀ ਵਿਧਾਂਤ ਨੂੰ ਅੱਪਣਾਅ ਲਵੇ ਤਾਂ ਚੰਗੀਆਂ ਗੱਲਾਂ ਨੂੰ ਗ੍ਰਹਿਣ ਕਰ ਸਕਦਾ, ਬੁਰੀਆਂ ਮਾੜੀਆਂ ਗੱਲਾਂ ਜਾਂ ਭੈੜੀਆਂ ਆਦਤਾਂ ਨੂੰ ਮਗਰੋਂ ਲਾਹ ਸਕਦਾ ਹੈ। ਚੰਗੇ ਗੁਣ ਅੱਛੀ ਤੇ ਉਸਾਰੂ ਸੋਚ, ਸਮਾਜ ਨੂੰ ਵਧੀਆ ਸਿਰਜ ਸਕਦੀ ਹੈ।

ਜੇਕਰ ਛੱਜ ਨਰ ਹੈ ਤਾਂ ਛੱਜਲੀ ਮਾਦਾ। ਪਰ ਦੇਖਣ ਵਾਲੀ ਗੱਲ ਇਹ ਹੈ ਕਿ ਇਹ ਛੱਜਲੀ ਮਾਦਾ ਹੁੰਦੀ ਹੋਈ ਵੀ ਛੱਜ ਨਾਲ਼ੋਂ ਕਈ ਗੁਣਾਂ ਵੱਡੀ ਹੁੰਦੀ ਹੈ। ਹਾਲਾਂ ਕਿ ਦੋਨਾਂ ਨੂੰ ਬਨਾਉਣ ਵਾਲਾ ਛੱਜ਼ਘਾੜਾ ਇਕੋ ਹੁੰਦਾ ਹੈ ਪ੍ਰੰਤੂ ਵੰਨਗੀ ਵੱਖਰੀ ਘੜ ਦਿੰਦਾ ਹੈ। ਬੱਕਰੇ ਦੀ ਖੱਲ ਨੂੰ ਲੂਣ ਮਲ਼ ੨ ਸੁਕਾਇਆ ਜਾਂਦਾ ਹੈਂ ਨਾਲ਼ੋਂ ਨਾਲ ਨਰਮ ਮੁਲਾਇਮ ਰੱਖਣ ਵਾਸਤੇ ਖੱਲ ਨੂੰ ਮੱਠੀ ਅੱਗ ਤੇ ਸੇਕ ਕੇ, ਲੱਕੜ ਦੀਆਂ ਪਤਲੀਆਂ ਥਾਪੀਆਂ ਘਸਾ ਘਸਾ ਕੇ, ਖੱਲ ਨੂੰ ਨਰਮ ਕਰ ਲਿਆ ਜਾਂਦਾ ਤਾਕਿ ਉਹ ਮਜ਼ਬੂਤ ਲਚਕਦਾਰ ਤੇ ਲੰਮਾਂ ਸਮਾਂ ਹੰਢਣਸਾਰ ਹੋ ਜਾਵੇ। ਉਸੇ ਖੱਲ ਵਿੱਚੋਂ ਬਰੀਕ ਤੰਦੀਆਂ ਕੱਟ ਲਾਈਆਂ ਜਾਂਦੀਆਂ ਸਨ ਜੋ ਤੰਦੀ ਸਾਜ਼ਾਂ, ਢੋਲਕੀਆਂ ਤੱਪਲੇ, ਜੋੜੀਆਂ, ਤਾੜਾ, ਤੰਗਲ਼ੀਆ,ਬੋਕੇ, ਗੱਡੇ ਗੱਡੀਆਂ ਦੇ ਵਿੱਢ ਜੂਲ਼ੇ, ਬੱਲ਼ਦਾਂ ਦੀਆਂ ਜੋਤਾਂ, ਘੋੜਿਆਂ ਦੇ ਪੈੜ ਲਗਾਮਾਂ ਗੰਢਣ ਦੀ ਵਰਤੋ ਵਿੱਚ, ਇਹੀ ਚਮੜੇ ਦੀਆਂ ਤੰਦੀਆਂ ਵਰਤੋਂ ਵਿੱਚ ਲਿਆਈਆਂ ਜਾਂਦੀਆਂ ਹਨ। ਹੋਰ ਵੀ ਅਣਗਿਣਤ ਵਸਤੂਆਂ ਹੋਣ ਗੀਆ ਜਿਸ ਨੂੰ ਤੰਦੀ ਦਾ ਸਹਾਰਾ ਲੈਣ ਪੈਦਾ ਹੋਵੇ ਗਾ, ਜਿੰਨਾ ਚਿਰ ਕੱਚਾ ਪੱਕਾ ਧਾਗਾ, ਰੱਸੀ ਰੱਸਾ ਹੋਂਦ ਵਿੱਚ ਨਹੀਂ ਸੀ ਆਇਆ, ਤੰਦੀ ਦੀ ਹੋਂਦ ਬਹੁਤ ਭਾਰੂ ਰਹੀ। ਤੀਲਾਂ ਤੇ ਕਾਨਿਆਂ ਦੇ ਸੰਗ੍ਰਹਿ ਨੂੰ ਇੱਕਠਾ ਰੱਖਣ ਵਾਸਤੇ ਤੰਦੀ ਦਾ ਮੁਢਲਾ ਰੋਲ ਰਿਹਾ। ਇਸ ਤੋਂ ਬਗੈਰ ਛੱਜ ਛੱਜਣੀ ਦਾ ਵਯੂਦ ਅਧੂਰਾ ਹੈ। ਛੱਜਘਾੜੇ ਦੀ ਕਲਾ ਜੋ ਇਸ ਨੂੰ ਜੋੜਣ ਤੇ ਮੜਨ ਵਿੱਚ ਮੁਹਾਰਤ ਰੱਖਦੀ, ਇਸ ਦੀ ਸਪੂੰਣਤਾ ਨੂੰ ਨਿਖਾਰ ਕੇ ਨਾਮ ਦਿੱਤਾ ਜਾਂਦਾ ਹੈ ਛੱਜ ਇਸ ਦੀ ਜੋੜੀ ਬਨਾਉਣ ਵਾਸਤੇ ਨਾਲ ਜੁੜੀ ਛੱਜਲੀ।



ਵੇਖਣ ਵਾਲੀ ਗੱਲ ਇਹ ਹੈ ਕਿ ਮਨੁੱਖ ਨਰ ਹੁੰਦਾ ਹੋਇਆ ਸੰਬੰਧ ਮਾਦਾ ਛੱਜਲੀ ਨਾਲ ਰੱਖਦਾ, ਇਸ ਦੇ ਉਲਟ ਇਸਤ੍ਰੀ ਮਾਦਾ ਹੁੰਦੀ ਹੋਈ ਸੰਬੰਧ ਨਰ ਛੱਜ ਨਾਲ ਜੁੜਿਆ ਹੈ। ਛੱਜ ਨਰ, ਛੱਜਲੀ ਮਾਦਾ ਤੋਂ ਕਈ ਗੁਣਾ ਛੋਟਾ ਹੈ। ਪਰ ਛੱਜਲੀ ਨੂੰ ਕ੍ਰਿਸਾਨ (ਨਰ) ਜ਼ਿਆਦਾ ਵਰਤੋਂ ਵਿੱਚ ਲਿਆਉਂਦਾ। ਇਸਤ੍ਰੀਆਂ ਚੀਜ਼ ਵਸਤ ਦੀ ਸੁਧਾਈ ਵਾਸਤੇ ਛੱਜ (ਨਰ) ਨੂੰ ਵਰਤਦੀਆਂ ਹਨ। ਇਸ ਵਿੱਚ ਸਮੱਗਰੀ ਪਾਕੇ ਛੱਟਨਾ ਹੁੰਦਾ ਹੈ। ਪਰ ਇਸ ਦੇ ਉਲਟ ਆਮ ਪਿੰਡਾਂ ਦੇ ਲੋਕ ਕਹਾਵਤ ਵਰਤਦੇ, ਕਿਸੇ ਨੂੰ ਕਹਿ ਦਿੰਦੇ ਕਿ ਛੱਜ ਵਿੱਚ ਪਾਕੇ ਛੱਟਣਾਂ ਮਤਲਵ ਕਿਸੇ ਦੀ ਨਖੇਧੀ ਕਰਨਾ, ਬੁਰਾਈ ਕਰਨੀ। ਜਿਵੇਂ ਅੰਨਾਜ ਛੱਟਣ ਨਾਲ ਸੁਧਾਈ ਤੇ ਸਫਾਈ ਹੁੰਦੀ ਹੈ। ਇਸ ਤਰਾਂ ਇਨਸਾਨ ਦੇ ਕਿਰਦਾਰ ਨੂੰ ਛੱਜ ਵਿੱਚ ਪਾਕੇ ਛੱਟਣ ਨਾਲ, ਉਸ ਨੂੰ ਆਪਣੇ ਪ੍ਰਤੀ ਕੀਤੀ ਨੁਕਤਾਚੀਨੀ ਵਿਚੋ ਆਪਣੇ ਆਪ ਨੂੰ ਸੁਧਾਰ ਕਰਨ ਦਾ ਮੌਕਾ ਮਿਲਦਾ।

ਕਹਿੰਦੇ ਜੰਗਲ ਦੇ ਜਾਨਵਰ ਜਦੋਂ ਕੋਈ ਜੰਗਲ ਦਾ ਰਾਜਾ ਚੁਣਦੇ ਸਨ। ਤਾਂ ਉਸ ਨੂੰ ਹਦਾਇਤ ਹੁੰਦੀ ਕਿ ਕੰਡ ਉੱਤੇ ਛੱਜ ਬੰਨਣਾ ਪੈਣਾ ਹੈ। ਇਕ ਵਾਰ ਜੰਗਲ ਦਾ ਰਾਜਾ, ਸ਼ੇਰ ਦੂਰ ਦੌਰੇ ਉੱਤੇ ਨਿਕਲ ਗਿਆ, ਛੇਤੀ ਮੁੜਿਆ ਨਾਂ। ਗਿੱਦੜ ਹੋਰ ਗਿੱਦੜਾਂ ਨੂੰ ਨਾਲ ਲੈਕੇ ਨਿਖੇਧੀ ਪ੍ਰਚਾਰ ਅਰੰਭ ਦਿੱਤਾ। ਇਸ ਤਰਾਂ ਰਾਜੇ ਦਾ ਅਹੁਦਾ, ਗਿੱਦੜ ਹੱਥ ਆ ਗਿਆ। ਗਿੱਦੜ ਜ਼ਿਆਦਾ ਚਾਮਲ਼ ਗਿਆ, ਉਹ ਤਾਂ ਕੰਡ ਤੇ ਛੱਜ ਬੰਨ ਟਪੂਸੀਆਂ ਮਾਰਦਾ ਫਿਰੇ, ਅਚਾਣਕ ਸ਼ੇਰ ਨੂੰ ਪਤਾ ਚੱਲਿਆ ਕਿ ਮੇਰੀ ਗੈਰ ਹਾਜ਼ਰੀ ਵਿੱਚ ਗਿੱਦੜ ਕਿਵੇਂ ਕੰਡ ਉੱਤੇ ਛੱਜ ਬੰਨਾਈ ਫਿਰਦਾ, ਉਹ ਟੁੱਟ ਕੇ ਗਿੱਦੜ ਮਗਰ ਪੈ ਗਿਆ। ਜੰਗਲ ਦੇ ਸਾਰੇ ਜਾਨਵਰਾਂ ਵਿੱਚ ਭੱਗਦੜ ਮੰਚ ਗਈ। ਤਾਂ ਅਚਾਣਕ ਭੱਜਦੇ ਗਿੱਦੜ ਦਾ, ਜੌੜੇ ਦ੍ਰਖਤਾਂ ਵਿੱਚ ਦੀ ਲੰਘਦੇ ਦਾ ਪਿੱਛੇ ਛੱਜ ਫਸ ਗਿਆ। ਨਾਲ ਦੇ ਸਾਥੀ ਅਵਾਜ਼ਾਂ ਦੇਣ ਕਿ ਗਿੱਦੜਾਂ ਭੱਜ ! ਉਹ ਕਹੇ ਮੈਂ ਤਾਂ ਭੱਜਦਾ ਪਰ ਛੱਜ ਨਹੀਂ ਭੱਜਣ ਦਿੰਦਾ ਇਹ ਮੇਰੇ ਮਗਰੋਂ ਅਹੁਦਾ ਨਹੀਂ ਲਹਿੰਦਾ ਇਹ ਕਹਾਵਤ ਆਂਮ ਜੁੜ ਗਈ ਕਿ ਜੇ ਕਿਸੇ ਮਗਰ ਅਹੁਦੇ ਦੀ ਲੱਗੀ ਪੂਛ ਮਗਰੋਂ ਛੇਤੀ ਨਹੀਂ ਲਹਿੰਦੀ ਜ਼ਿੰਦਗੀ ਦੇ ਆਖਰੀ ਸਵਾਸਾਂ ਤੱਕ ਜੁੜੀ ਰਹਿੰਦੀ ਹੈ।

ਹੁਣ ਤਾ ਮਸ਼ੀਨੀ ਯੁੱਗ ਆ ਰੰਗਿਆ,

ਪਹਿਲਾਂ ਅਨਾਜ ਦੇ ਬੋਹਲ਼ਾਂ ਨੂੰ ਆਖਰੀ ਛੋਹ ਛੱਜਲੀ ਦਿੰਦੀ ਹੁੰਦੀ ਸੀ, ਪਰ ਉਸ ਨੂੰ ਇਨਸਾਨ ਦੇ ਪੇਟ ਵਿੱਚ ਜਾਣ ਤੋਂ ਪਹਿਲਾਂ ਅਨਾਜ ਨੂੰ ਛੱਜ ਵਿੱਚ ਦੀ ਗੁਜ਼ਰਨਾ ਪੈਦਾ ਸੀ। ਛੱਜ ਛੱਟ ਕੇ ਉਸੇ ਅਨਾਜ ਨੂੰ ਅਗਲਾ ਰਸਤਾ ਦਿਖਾਉਂਦਾ, ਅਸ਼ੀਰਵਾਦ ਦਿੰਦਾ ਕਿ ਚਲੋਂ ਤੁਹਾਨੂੰ ਚੱਕੀ ਉਡੀਕ ਰਹੀ ਹੈ। ਜਦ ਛੱਜ ਜ਼ਿਆਦਾ ਬੁੱਢਾ ਹੋਕੇ ਆਖਰੀ ਅਵੱਸਤਾ ਵਿੱਚ ਪਹੁੰਚ ਜਾਂਦਾ ਤਾਂ ਏਸੇ ਛੱਜ ਰਾਹੀਂ ਲੰਘਾਏ ਲੱਖਾਂ ਅਨਾਜ ਦੇ ਦਾਣੇ ਖਾ ਖਾ ਕੇ ਜੁਆਨ ਹੋਏ ਧੀਆਂ ਪੁੱਤਰਾਂ ਦੇ ਵਿਆਹਾਂ ਉਤੇ, ਇਹੀ ਬੁੱਢਾ ਛੱਜ ਨਾਨਕਿਆਂ ਦੇ ਹੱਥੇ ਚੜ ਜਾਂਦਾ। ਉਹ ਉਸਦਾ ਕੁੱਟ-ਕੁੱਟ ਕਚੂੰਬਰ ਕੱਢ ਦੇਂਦੇ। ਜਿੰਨਾ ਚਿਰ ਸੱਟਾਂ ਝੱਲ ਕੇ ਆਪ ਦੀ ਹੋਂਦ ਨਹੀਂ ਗੁਆ ਲੈਦਾ, ਉਨੰਾਂ ਚਿਰ ਖੜਕਣੋਂ ਨਾਂ ਹੱਟਦਾ। ਪਰ ਕੁੱਟ ਖਾਈ ਜਾਂਦਾ।। ਉਝੰ ਜਾਂਦਾ-ਜਾਂਦਾ ਕਈ ਮੇਲਣਾਂ ਵੀ ਹੰਭਾ ਜਾਂਦਾ। ਪੁਰਾਣਾ ਜ਼ਮਾਨਾ ਸੀ ਲਾਊਡ ਸਪੀਕਰ ਨਹੀਂ ਸਨ ਪਿੰਡ ਵਿੱਚ ਛੱਜ ਦੇ ਕੁੱਟ ਪੈਣੀ ਦੂਰ-ਦੂਰ ਤੱਕ ਪਤਾ ਚਲ ਜਾਣਾ ਕਿ ਨਾਨਕੇ ਗੱਜ ਵੱਜ ਕੇ ਆਏ ਹਨ। ਜੋ ਛੱਜ ਨੂੰ ਖੁਸ਼ੀ ਵਿੱਚ ਕੁੱਟਦੇ ਜਾਂ ਹਰਕ ਵਿਚ। ਜ਼ਰੂਰ ਕੋਈ ਹਰਕ ਵਿੱਚ ਵੀ ਕੁੱਟਦੇ ਹੋਣਗੇ ਕਿ ਨਾਨਕੀ ਛੱਕ ਤੇ ਜ਼ਿਆਦਾ ਖ਼ਰਚਾ ਆ ਗਿਆ। ਛੱਜ ਬੇਦੋਸ਼ਾ ਮਾਰ ਖਾਈ ਜਾਂਦਾ। ਅੱਜ ਕਲ ਤਾਂ ਲੋਕ ਤਾਂ ਰਿਵਾਜ ਹੀ ਬਣਾ ਲਿਆ। ਲੋਕ ਨਵਾ ਛੱਜ ਤੇ ਸੁਨੀਲ ਝੜਾਂ ਕੇ ਕੁੱਟਣਾ ਸ਼ੰਗਨ ਸਮਝਦੇ ਹਨ।

### ਛੱਜ ਦੁਹਾਈ ਪਾਈ, ਬੋਲੇ ਛੱਜਲੀ ਨੂੰ

ਤੂੰ ਵੱਡੀ ਹੈ, ਤੂੰ ਵਿਚਾਰੀ ਹੈ, ਤੈਨੂੰ ਚੁੱਕ ਕ੍ਰਿਸਾਨ ਛੋਹਿਆ ਜਦ, ਤੇਰੀ ਬੋਹਲ਼ਾਂ ਤੇ ਸਰਦਾਰੀ ਹੈ। ਮੈਂ ਵੀ ਸਿਰੜ ਦਾ ਪੱਕਾ ਹਾਂ, ਰਿਹਾ ਛੱਟਦਾ, ਮਿੱਟੀ ਘੱਟਾ ਹਾਂ, ਮੇਰੀ ਵੀ ਲੰਬੜਦਾਰੀ ਹੈ। ਕਿਉਂ ਲੋਕ ਭੁਲੇਖਾ ਖਾ ਗਏ ਜੋ, ਵਿਆਹ ਤੇ ਮੇਰੇ ਸੱਟ ਜਿੰਨਾਂ ਨੇ ਮਾਰੀ ਹੈ। ਉਹ ਕੁੱਟਦੇ ਰਹੇ, ਮੇਰੀ ਕੁੱਟ ਨੇ ਪਿੰਡ ਜਗਾ ਦਿੱਤਾ, ਮੇਰੀ ਅਗਲੇ ਜਹਾਨ ਦੀ ਤਿਆਰੀ ਹੈ। ਇਹ ਦੁਨੀਆ ਬੜੀ ਪਿਆਰੀ..,.,, ਇਹ ਦੁਨੀਆਂ ਅਨੋਖੀ ਨਿਆਰੀ ਹੈ।

### ਛੱਜਲੀ ਛੱਜ ਨੂੰ

ਤੂੰ ਬਥੇਰੇ ਦਾਣੇ ਛੱਟੇ ਸਨ, ਫਿਰ ਰੱਖੇ ਸਾਰੇ ਇਕੱਠੇ ਸਨ। ਕੱਢ ਬਥੇਰਾ ਬਾਹਰ ਕੂੜਾ, ਫਿਰ ਚੱਕੀ ਵਿੱਚ ਕਿਉਂ ਧੱਕੇ ਸਨ ? ਤੈਨੂੰ ਤਰਸ ਨਾਂ ਆਇਆ ਉਹਨਾਂ ਤੇ, ਉਹ ਵੀ ਕਿਸੇ ਦੇ ਬੱਚੇ ਸਨ। ਉਹਨਾ ਵੀ ਅੱਗੇ ਉਗੱਣਾ ਸੀ, ਪਰ ਉਹ ਵੀ ਸਿਰੜ ਦੇ ਪੱਕੇ ਸਨ। ਮੰਨਿਆ ਰੁਜ਼ਗਾਰ ਬਣਾਇਆ ਇਨਸਾਨਾਂ ਦਾ, ਜਿਹੜੇ ਧੁਰੇ ਦੀ ਸ਼ਰਨ ਓੜ ਗਏ, ਉਹ ਬੜੇ ਸਿਦਕ ਦੇ ਉੱਚੇ ਸਨ।

ਬੀਜੇ ਹੋਏ ਦਾਣੇ ਫਿਰ ਫੁੱਟਣ ਗੇ, ਛੱਜਘਾੜਾ ਕੋਈ ਆਵੇ ਗਾ, ਤੇਰੀ ਵੀ ਹੋਂਦ ਲਿਆਵੇਂ ਗਾ। ਮੇਰੇ ਬਾਰੇ ਵੀ ਕੋਈ ਸੋਚੇ ਗਾ, ਬੋਹਲ਼ਾਂ ਦੀਆਂ ਕਦਰਾਂ ਪਾਵੇ। ਹੁੰਦੇ ਪੰਜਾਬ ਦੇ ਖਾਲੀ ਨੂੰ, ਕੋਈ ਤਾਂ ! ਤਰਸ ਵੀ ਖਾਵੇ ਗਾ। ਕਦੇ ਪਾਣੀ ਉੱਪਰ ਆਵਣ ਗੇ, ਖੂਹਾਂ ਤੇ ਰੌਣਕ ਲਿਆਵੇ ਗਾ। ਅੰਨਦਾਤਾ ਫਿਰ ਉੱਠੇ ਗਾ, ਵਿਸਾਖੀ ਤੇ ਭੰਗੜੇ ਵਿਖਾਵੇ ਗਾ। ਖੁਸ਼ੀ ਵਿੱਚ ਲੁੱਡੀਆਂ ਪਾਵੇਗਾ!!

ਛੱਜ ਤੇ ਛੱਜਲੀ ਕੈਸਾ ਨਾਤਾ ਏ, ਬਾਹਰ ਮਿੱਟੀ ਘੱਟਾ ਉਡਾਤਾ ਏ!! ਚਿਣ ੨ ਦਾਣੇ ਗਿਰਨ ਬਾਅਦ, ਢੇਰ ਕੋਠੀ ਵਿੱਚ ਹੀ ਲਾਤਾ ਏ!! ਛਾਨਣੀ ਵਿੱਚ ਜਿਹੜਾ ਪਾਇਆ ਸੀ, ਉਹਨੂੰ ਵੱਖੀਓ ਫੜ ਹਿਲਾਇਆ ਸੀ! ਉਹਨੇ ਮੋਟੇ ਪਤਲੇ ਪਰਖ ਲਏ, ਥੱਲੇ ਢੇਰ ਮਿੱਟੀ ਦਾ ਲਾਇਆ ਏ!!

ਬੋਲਿਆ ਨਾਂ ਛੱਜ, ਛਾਨਣੀ ਕਿਉ ਬੋਲ ਪਈ!

ਉਹ ਚੁੱਪ ਚੁਪੀਤੇ ਸੁਣਦਾ ਰਿਹਾ,


ਉਹ ਅੰਦਰ ਦੀ ਗੱਲ ਖੋਲ ਗਈ!!

ਛੱਜ ਝਾਕਿਆ ਵਿੱਚ ਸੁਰਾਖਾਂ ਦੇ,

ਕਿਉਂ ਦਾਣੇ ਮਿੱਟੀ ਰੋਲ ਗਈ!!!
ਤੂੰ ਹੱਜੇ ਵੀ ਬੋਲਣ ਨੂੰ ਫਿਰਦੀ ਏ,
ਤੇਰੀ ਕਿਸ਼ਤੀ ਹਵਾ ਵਿੱਚ ਡੋਲ ਗਈ!!!!
ਤੂੰ ਜਿੰਨੀ ਅਕਾਰ ਦੀ ਨਿੱਕੀ ਏ, ਓਨੀਂ ਹੀ ਗੱਲ ਕਰਿਆ ਕਰ!
ਜੇ ਛੱਜ ਕੋਲ਼ੋਂ ਤੂੰ ਡਰਦੀ ਨਹੀਂ, ਤਾਂ ਰੱਬ ਕੋਲ਼ੋਂ ਤਾਂ ਡਰਿਆ ਕਰ!!
ਆਈ ਉੱਤੇ ਆ ਗਏ ਉਹ, ਤੇਰਾ ਥੱਲਾ ਤੋੜ ਖਾਲੀ ਕਰ ਜਾਵਣਗੇ!
ਖਾਲੀ ਕਰਮੰਡਲ ਕਰਕੇ ਉਹ, ਖੇਡ ਜੁਆਕਾਂ ਅੱਗੇ ਧਰ ਜਾਵਣਗੇ!!
ਰੁੜਦੀ ਫਿਰੀ ਵਿੱਚ ਨਿਆਈਆਂ ਦੇ, ਠੁੱਡੇ ਖਾਣ ਦੀ ਆਦਤ ਪਾ ਲਈ ਤੂੰ
ਮੈਂ ਵਿਆਹ ਕਿਸੇ ਵਿੱਚ ਵਜੂੰਗਾ, ਵਿਚ ਰੂੜੀਆਂ ਕਦਰ ਗੁਆ ਲਈ ਤੂੰ
ਪਰ ਛੱਜ ਤਾਂ ਭਾਵੇਂ ਬੋਲ ਪਵੇ, ਹੋਕੇ ਛਾਨਣੀ ਬੋਲਣ ਨੂੰ ਫਿਰਦੀ ਤੂੰ !
ਤੇਰੀ ਕੀ ਔਕਾਤ ਸਮਝਾਅ ਮੈਨੂੰ,ਹਮੇਸ਼ਾਂ ਖਾਲੀ ਰਹਿ ਕੇ ਚਿੜਦੀ ਤੂੰ !!
ਦਿਨ ਦਿਹਾੜੇ ਵਿੱਚ ਮੈਦਾਨਾਂ ਦੇ, ਇਹ ਕਿਹੜਾ ਮੈਚ ਵਿਖਾਇਆ ਏ!
ਬਿਨ ਮਾਰੀ ਸੀਟੀ ਫੂਕ ਵਜੋਂ, 'ਬਰਾੜਾ' ਕੈਸਾ ਚੰਦ ਚੜਾਇਆ ਏ!!



# ਖ਼ੁਦਕੁਸ਼ੀ ਦੀ ਵਜ੍ਹਾ ਬਣ ਸਕਦੈ ਡਿਪਰੈਸ਼ਨ



ਉਦਾਸੀ ਅਜਿਹਾ ਅਹਿਸਾਸ ਹੈ, ਜੋ ਹਰ ਵਿਅਕਤੀ ਆਪਣੀ ਜ਼ਿੰਦਗੀ 'ਚ ਕਦੇ ਨਾ ਕਦੇ ਮਹਿਸੂਸ ਕਰਦਾ ਹੈ। ਫ਼ਰਕ ਸਿਰਫ਼ ਇਹ ਹੁੰਦਾ ਹੈ ਕਿ ਕਿਸੇ ਵਿਅਕਤੀ ਨੂੰ ਘੱਟ ਹੁੰਦੀ ਹੈ ਤੇ ਕਈ ਕਾਫ਼ੀ ਲੰਮੇ ਸਮੇਂ ਤਕ ਉਦਾਸੀ 'ਚ ਰਹਿੰਦੇ ਹਨ। ਲੰਮੇ ਸਮੇਂ ਤਕ ਚੱਲਣ ਵਾਲੀ ਉਦਾਸੀ ਗੰਭੀਰ ਮਾਨਸਿਕ ਬਿਮਾਰੀ ਦਾ ਰੂਪ ਧਾਰਨ ਕਰਦੀ ਹੈ, ਜਿਸ ਨੂੰ ਅਸੀਂ ਡਿਪਰੈਸ਼ਨ ਕਹਿੰਦੇ ਹਾਂ। ਉਦਾਸੀ ਹਰ ਉਮਰ ਦੇ ਵਿਅਕਤੀ ਨੂੰ ਕਿਸੇ ਨਾ ਕਿਸੇ ਰੂਪ 'ਚ ਪ੍ਰਭਾਵਿਤ ਕਰਦੀ ਹੈ ਪਰ ਉਦਾਸੀ ਤੇ ਕਲੀਨੀਕਲ ਡਿਪਰੈਸ਼ਨ 'ਚ ਮੁੱਖ ਫ਼ਰਕ ਨੂੰ ਆਪਾਂ ਵਿਸਥਾਰ ਪੂਰਵਕ ਸਮਝਾਂਗੇ।

## ਲੱਛਣ

ਉਦਾਸੀ ਦੇ ਕੁਝ ਆਮ ਲੱਛਣ ਹਨ, ਜੋ ਦੋ ਹਫ਼ਤਿਆਂ ਤਕ ਜਾਰੀ ਰਹਿੰਦੇ ਹਨ ਤੇ ਵਿਅਕਤੀ ਦੇ ਨਿੱਜੀ ਅਤੇ ਸਮਾਜਿਕ ਜੀਵਨ ਨੂੰ ਵੀ ਪ੍ਰਭਾਵਿਤ ਕਰਦੇ ਹਨ ਅਤੇ ਵਿਅਕਤੀ ਦੇ ਕੰਮਕਾਰ, ਸਰੀਰਕ, ਸਮਾਜਿਕ ਤੇ ਪਰਿਵਾਰਿਕ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਮੂਡ ਵਿਚ ਉਦਾਸੀ।ਸਾਰੀਆਂ ਗਤੀਵਿਧੀਆਂ 'ਚ ਦਿਲਚਸਪੀ ਦਾ ਨੁਕਸਾਨ।

ਊਰਜਾ ਦੀ ਕਮੀ।
ਮਕਸਦ ਰਹਿਤ।

ਦੋਸ਼ ਦੀ ਭਾਵਨਾ, ਭੁੱਖ ਵਧਣਾ ਤੇ ਘਟਣਾ। ਫ਼ੈਸਲੇ ਲੈਣ ਦੀ ਕਮੀ ਦੋ ਹਫਤਿਆਂ ਤਕ ਜਾਰੀ ਰਹਿੰਦੀ ਹੈ।

## ਕਾਰਨ

**ਜੈਨੇਟਿਕ** : ਜੈਨੇਟਿਕਸ ਵਿਅਕਤੀ ਨੂੰ 30-40 ਫ਼ੀਸਦੀ ਪ੍ਰਭਾਵਿਤ ਕਰਦਾ ਹੈ। ਜੇ ਇਹ ਮਾਪਿਆਂ 'ਚ ਮੌਜੂਦ ਹੈ ਤਾਂ 20 ਫ਼ੀਸਦੀ ਦੀ ਸੰਭਾਵਨਾ ਹੋ ਸਕਦੀ ਹੈ।

**ਜੀਵ-ਵਿਗਿਆਨਕ** : ਹਾਰਮੋਨਲ ਨਿਪੁੰਸਕਤਾ, ਪ੍ਰੀਮੇਨੋਪੌਜ ਅਤੇ ਥਾਇਰਾਇਡ ਦੇ ਕਾਰਨ।

**ਪਰਿਵਾਰਕ ਇਤਿਹਾਸ** : ਜੇ ਦੋਵੇਂ ਮਾਪਿਆਂ ਦੇ ਰਿਸ਼ਤੇਦਾਰਾਂ ਵਿਚ ਤਿੰਨ ਪੀੜ੍ਹੀਆਂ 'ਚ ਕਿਸੇ 'ਚ ਵੀ ਡਿਪਰੈਸ਼ਨ ਪਾਇਆ ਜਾਂਦਾ ਹੈ, ਤਾਂ ਅੱਗੇ ਵੀ ਹੋਣ ਦੇ ਕਾਫ਼ੀ ਆਸਾਰ ਹੁੰਦੇ ਹਨ।

**ਨਸ਼ਿਆਂ ਦੀ ਵਰਤੋਂ** : ਜਦੋਂ ਵਿਅਕਤੀ ਜ਼ਿਆਦਾ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਕਰਦਾ ਤਾਂ ਵੀ ਡਿਪਰੈਸ਼ਨ ਹੋਣ ਦਾ ਖ਼ਦਸ਼ਾ ਰਹਿੰਦਾ ਹੈ।

**ਮਨੋ-ਸਮਾਜਿਕ ਪਰੇਸ਼ਾਨੀ**
ਤਣਾਅ।
ਬਚਪਨ 'ਚ ਦੁਰਵਿਹਾਰ, ਕੁਪੋਸ਼ਣ ਤੇ ਧੱਕੇਸ਼ਾਹੀ
ਜੰਗ ਜਾਂ ਤਬਾਹੀ।
ਪਦਾਰਥਾਂ ਦੀ ਦੁਰਵਰਤੋਂ।
ਮਾਪਿਆਂ ਦਾ ਝਗੜਾ।
ਵਿਆਹੁਤਾ ਵਿਵਾਦ।
ਪੁਰਾਣੀਆਂ ਡਾਕਟਰੀ ਸਮੱਸਿਆਵਾਂ।
ਗ਼ਰੀਬੀ।

## ਹਰ ਉਮਰ ਦੇ ਵਿਅਕਤੀ ਨੂੰ ਕਰਦਾ ਪ੍ਰਭਾਵਿਤ

ਡਿਪਰੈਸ਼ਨ ਹਰ ਉਮਰ ਦੇ ਵਿਅਕਤੀ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਦੇ ਲੱਛਣ ਜਾਣਨੇ ਬਹੁਤ ਜ਼ਰੂਰੀ ਹਨ ਤਾਂ ਜੋ ਸਮਾਂ ਰਹਿੰਦਿਆਂ ਅਸੀਂ ਬਿਮਾਰੀ ਦਾ ਹੱਲ ਲੱਭ ਸਕੀਏ। ਜਾਣਦੇ ਹਾਂ ਹਰ ਉਮਰ 'ਚ ਪਾਏ ਜਾਂਦੇ ਲੱਛਣਾਂ ਬਾਰੇ :-

## ਬਚਪਨ

ਘੱਟ ਊਰਜਾ।
ਸਰੀਰਕ ਸ਼ਿਕਾਇਤਾਂ।
ਚੁੱਪ।
ਸਕੂਲ ਤੋਂ ਇਨਕਾਰ।
ਦੋਸ਼ ਦੀ ਭਾਵਨਾ।
ਖ਼ੁਦਕੁਸ਼ੀ ਬਾਰੇ ਸੋਚਣਾ।

ਡਿਪਰੈਸ਼ਨ ਅੱਜ-ਕੱਲ੍ਹ ਦੇ ਬੱਚਿਆਂ 'ਚ ਆਮ ਦੇਖਿਆ ਜਾਂਦਾ ਹੈ, ਜਿੱਥੇ ਮਾਪਿਆਂ ਵੱਲੋਂ ਉਨ੍ਹਾਂ ਨੂੰ ਤਵੱਜੋ ਨਹੀਂ ਦਿੱਤੀ ਜਾਂਦੀ ਤੇ ਪਰਿਵਾਰਾਂ ਦੇ ਆਕਾਰ ਬਹੁਤ ਛੋਟੇ ਹੋ ਗਏ ਹਨ। ਉਨ੍ਹਾਂ ਕੋਲ ਬੱਚਿਆਂ ਨਾਲ ਗੱਲਬਾਤ ਕਰਨ ਤੇ ਖੇਡਣ ਲਈ ਸਮਾਂ ਨਹੀਂ ਹੈ। ਇਸ ਲਈ ਪਹਿਲਾਂ ਤਾਂ ਮਾਪਿਆਂ ਨੂੰ ਬੱਚਿਆਂ 'ਤੇ ਪੂਰੀ ਤਰ੍ਹਾਂ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਉਹ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨ। ਦੂਸਰਾ ਅਧਿਆਪਕਾਂ ਨੂੰ ਵੀ ਬੱਚਿਆਂ ਦੀ ਮਾਨਸਿਕ ਸਿਹਤ ਬਾਰੇ ਸੋਚਣਾ ਚਾਹੀਦਾ ਹੈ।

## ਕਿਸ਼ੋਰ ਉਮਰ

ਉਦੇਸ਼ ਚੁਣਨ 'ਚ ਦਿੱਕਤਾਂ।
ਗੁੱਸਾ ਭੜਕਨਾ।
ਅਸਵੀਕਾਰ ਕਰਨ ਲਈ ਸੰਵੇਦਨਸ਼ੀਲ।
ਭੁੱਖ ਤੇ ਨੀਂਦ ਵਿਚ ਬਦਲਾਅ।
ਜ਼ਿਆਦਾ ਰੋਣਾ।
ਅਕਾਦਮਿਕ ਗਿਰਾਵਟ।

ਕਿਸ਼ੋਰ ਅਵਸਥਾ ਵਿਚ ਬੱਚੇ ਸਰੀਰਕ ਤੇ ਮਾਨਸਿਕ ਬਦਲਾਂ ਵਿੱਚੋਂ ਗੁਜ਼ਰਦੇ ਹਨ, ਜਿੱਥੇ ਉਨ੍ਹਾਂ ਨੂੰ ਮਾਪਿਆਂ ਤੇ ਅਧਿਆਪਕਾਂ ਦੀ ਖ਼ਾਸ ਮਦਦ ਦੀ ਲੋੜ ਹੁੰਦੀ ਹੈ। ਮਾਪੇ ਕਈ ਵਾਰ ਉਨ੍ਹਾਂ ਤੋਂ ਪੜ੍ਹਾਈ ਵਿਚ ਵੱਧ ਨੰਬਰ ਲੈ ਕੇ ਆਉਣ ਦੀ ਜ਼ਿੱਦ ਕਰਦੇ ਹਨ। ਅਜਿਹੀਆਂ ਗੱਲਾਂ ਬੱਚਿਆਂ ਨੂੰ ਕਿਤੇ ਨਾ ਕਿਤੇ ਮਾਪਿਆਂ ਤੋਂ ਦੂਰ ਕਰ ਦਿੰਦੀਆਂ ਹਨ। ਇਸ ਉਮਰ 'ਚ ਬੱਚੇ ਨਸ਼ਿਆਂ ਵੱਲ ਅਤੇ ਕੁਝ ਹੋਰ ਗ਼ਲਤ ਗਤੀਵਿਧੀਆਂ ਵਿਚ ਚਲੇ ਜਾਂਦੇ ਹਨ। ਅਜਿਹੀਆਂ ਗੱਲਾਂ ਅੱਗੇ ਚੱਲ ਕੇ ਡਿਪਰੈਸ਼ਨ ਦਾ ਬਹੁਤ ਵੱਡਾ ਕਾਰਨ ਬਣਦੀਆਂ ਹਨ।

## ਬਾਲਗ

**ਸਧਾਰਨ ਲੱਛਣ** : ਪੂਰੀ ਤਰ੍ਹਾਂ ਉਦਾਸ, ਰੋਣਾ, ਹਰ ਸਮੇਂ ਥੱਕਿਆ, ਸੁਸਤ, ਮਾੜਾ ਧਿਆਨ, ਨਾਂਹ-ਪੱਖੀ ਵਿਚਾਰ, ਆਤਮ-ਹੱਤਿਆ ਦੀਆਂ ਕੋਸ਼ਿਸ਼ਾਂ, ਦੋਸ਼, ਬੇਕਾਰਤਾ, ਨਿਰਾਸ਼ਾ।

ਜੀਵ-ਵਿਗਿਆਨਕ ਲੱਛਣ : ਸਵੇਰੇ ਜਲਦੀ ਜਾਗਣਾ, ਸਵੇਰ ਦੀ ਉਦਾਸੀ, ਗਤੀਵਿਧੀਆਂ ਵਿਚ ਕਮੀ, ਭਾਰ ਘਟਣਾ।

ਬਾਲਗ ਹੋਣ ਦੀ ਸੂਰਤ ਵਿਚ ਇਨਸਾਨ ਦੀ ਜ਼ਿੰਦਗੀ ਵਿਚ ਅਜਿਹੇ ਪੜਾਅ ਆਉਂਦੇ ਹਨ ਕਿ ਕਈ ਵਾਰੀ ਉਨ੍ਹਾਂ ਨਾਲ ਜੂਝਣ ਦੀ ਸਮਰੱਥਾ ਘੱਟ ਜਾਂ ਖ਼ਤਮ ਹੋ ਜਾਂਦੀ ਹੈ, ਜਿਵੇਂ ਬੇਰੁਜ਼ਗਾਰੀ, ਵਿਆਹ ਦਾ ਟੁੱਟਣਾ, ਸਾਥੀ ਦਾ ਛੱਡ ਕੇ ਚਲੇ ਜਾਣਾ, ਬੱਚਿਆਂ ਦਾ ਦੁਰਵਿਹਾਰ, ਘਰੇਲੂ ਹਿੰਸਾ, ਨਸ਼ਿਆਂ ਦੀ ਸੰਗਤ। ਇਹ ਲੱਛਣ ਜ਼ਿਆਦਾਤਰ ਔਰਤਾਂ ਵਿਚ ਮੀਨੋਪੌਜ ਤੋਂ ਪਹਿਲਾਂ ਤੇ ਮਰਦਾਂ ਵਿਚ ਰਿਟਾਇਰਮੈਂਟ ਤੋਂ ਬਾਅਦ ਦੇਖੇ ਜਾਂਦੇ ਹਨ।

## ਵਿਹਾਰ 'ਚ ਆਉਂਦੀ ਤਬਦੀਲੀ

ਨੈਸ਼ਨਲ ਮੈਂਟਲ ਹੈਲਥ ਸਰਵੇ ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ 2.7 ਫ਼ੀਸਦੀ ਆਬਾਦੀ ਡਿਪਰੈਸ਼ਨ ਦੀ ਸ਼ਿਕਾਰ ਹੈ, ਜਿਨ੍ਹਾਂ ਵਿੱਚੋਂ 5.2 ਫ਼ੀਸਦੀ ਨੂੰ ਪੂਰੀ ਉਮਰ ਰਹਿ ਸਕਦਾ ਹੈ। 85 ਫ਼ੀਸਦੀ ਲੋਕ ਬਿਨਾਂ ਇਲਾਜ ਦੇ ਇੰਝ ਹੀ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਜਾਂ ਤਾਂ ਇਲਾਜ ਨਹੀਂ ਮਿਲਦਾ ਅਤੇ ਜਾਂ ਫਿਰ ਜਾਣਕਾਰੀ ਨਹੀਂ ਹੁੰਦੀ। ਡਿਪਰੈਸ਼ਨ ਨੂੰ ਮੈਡੀਕਲ ਭਾਸ਼ਾ 'ਚ ਯੂਨੀਪੋਲਾਰ, ਕਲੀਨੀਕਲ ਡਿਪਰੈਸ਼ਨ ਤੇ ਮੇਜਰ ਡਿਪਰੈਸ਼ਨ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਡਿਪਰੈਸ਼ਨ 'ਚ ਵਿਅਕਤੀ ਦੇ ਅਹਿਸਾਸ, ਸੋਚਣ ਸ਼ਕਤੀ ਅਤੇ ਵਿਹਾਰ ਵਿਚ ਕਾਫ਼ੀ ਤਬਦੀਲੀ ਆਉਂਦੀ ਹੈ।

## ਇਲਾਜ

ਡਿਪਰੈਸ਼ਨ ਦਾ ਸਭ ਤੋਂ ਪਹਿਲਾ ਹੱਲ ਹੈ ਕਿ ਹਰ ਵਿਅਕਤੀ ਆਪਣੀ ਪਰੇਸ਼ਾਨੀ ਨੂੰ ਪਰਿਵਾਰ, ਦੋਸਤ ਤੇ ਬੱਚਿਆਂ ਨਾਲ ਸਾਂਝੀ ਕਰੇ। ਪਰਿਵਾਰ ਇਕ ਅਜਿਹੀ ਇਕਾਈ ਹੈ, ਜੋ ਵਿਅਕਤੀ ਦੀ ਮਦਦ ਤੇ ਸਮੱਸਿਆ ਦਾ ਸਾਹਮਣਾ ਕਰਨ ਦੀ ਸ਼ਕਤੀ ਦਿੰਦੀ ਹੈ। ਜੇ ਫਿਰ ਵੀ ਵਿਅਕਤੀ ਡਿਪਰੈਸ਼ਨ ਵਰਗੇ ਹਾਲਾਤਾਂ ਵਿੱਚੋਂ ਲੰਘਦਾ ਹੈ ਤਾਂ ਉਸ ਨੂੰ ਮਾਨਸਿਕ ਰੋਗਾਂ ਦੇ ਮਾਹਿਰ ਕੋਲ ਜਾ ਕੇ ਇਲਾਜ ਕਰਵਾਉਣਾ ਚਾਹੀਦਾ ਹੈ।




ਸ਼ਹੀਦੀ ਦਿਨ ’ਤੇ ਵਿਸ਼ੇਸ਼

# ਸਿੰਘ ਸਾਹਿਬ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਦੀ ਇਤਿਹਾਸਕ ਦੇਣ



ਡਾ ਗੁਰਵਿੰਦਰ ਸਿੰਘ
604-825-1550

ਕੈਨੇਡਾ ਵਿੱਚੋਂ ਜਦੋਂ ਭਾਰਤੀਆਂ ਨੂੰ ਕੱਢਿਆ ਜਾ ਰਿਹਾ ਸੀ, ਓਦੋਂ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਮੋਢੀ ਗਦਰੀ ਬਾਬਿਆਂ ਨੇ ਸਾਨੂੰ ਹਾਂਡੂਰਸ ਭੇਜਣ ਤੋਂ ਬਚਾਇਆ, ਕੀ ਸਾਨੂੰ ਯਾਦ ਹੈ। ਕੈਨੇਡਾ ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਿਆ ਗਿਆ ਸੀ, ਪਰ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਤੇ ਉਨ੍ਹਾਂ ਦੇ ਭਾਈਆਂ ਨੇ ਇਸ ਲਈ ਲੰਮਾ ਸੰਘਰਸ਼ ਕੀਤਾ, ਕੀ ਅਸੀਂ ਇਹ ਚੇਤੇ ਰੱਖਿਆ ਹੈ। ਕੈਨੇਡਾ ਵਿਚ ਭਾਰਤੀਆਂ ’ਤੇ ਪਰਿਵਾਰ ਲਿਆਉਣ ’ਤੇ ਪਾਬੰਦੀ ਸੀ, ਪਰ ਭਾਈ ਬਲਵੰਤ ਸਿੰਘ ਜੀ ਉਨ੍ਹਾਂ ਦੇ ਭਾਈਆਂ ਨੇ ਰਾਹ ਖੋਲ੍ਹੇ, ਕੀ ਸਾਨੂੰ ਪਤਾ ਹੈ। ਕੈਨੇਡਾ ਵਿੱਚ ਨਸਲਵਾਦੀ ਨੀਤੀਆਂ ਅਧੀਨ ਗੁਰੂ ਨਾਨਕ ਜਹਾਜ਼, ਕਾਮਾਗਾਟਾਮਾਰੂ ਮੋੜਿਆ ਗਿਆ ਸੀ, ਪਰ ਭਾਈ ਬਲਵੰਤ ਸਿੰਘ ਤੇ ਉਨ੍ਹਾਂ ਦੇ ਭਾਈਆਂ ਨੇ ਇਸ ਖ਼ਿਲਾਫ਼ ਲੜਾਈ ਲੜੀ, ਕੀ ਸਾਨੂੰ ਗਿਆਨ ਹੈ। ਕੈਨੇਡਾ ਤੋਂ ਭਾਰਤ ਜਾ ਕੇ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਮਾਈਕਲ ਓਡਵਾਇਰ ਵਰਗਿਆਂ ਨਾਲ ਦਸਤ-ਪੰਜਾ ਲਿਆ ਅਤੇ ਉਸ ਨੂੰ ਨਿਰਉੱਤਰ ਕੀਤਾ, ਕੀ ਸਾਨੂੰ ਪਤਾ ਹੈ। ਭਾਰਤੀ ਛਾਉਣੀਆਂ ਵਿਚ ਗ਼ਦਰ ਮਚਾਉਣ ਲਈ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਮੋਢੀ ਗਦਰੀ ਬਾਬਿਆਂ ਨੇ ਵੱਡਾ ਸੰਘਰਸ਼ ਵਿੱਢਿਆ, ਕੀ ਸਾਨੂੰ ਅਹਿਸਾਸ ਹੈ। ਕੈਨੇਡਾ ਦੀ ਧਰਤੀ ’ਤੇ ਜਨਮ ਲੈਣ ਵਾਲਾ ਪਹਿਲਾ ਸਿੱਖ, ਪੰਜਾਬੀ ਅਤੇ ਭਾਰਤੀ ਬੱਚਾ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਬੀਬੀ ਕਰਤਾਰ ਕੌਰ ਦੇ ਘਰ ਜਨਮਿਆ ਭਾਈ ਹਰਦਿਆਲ ਸਿੰਘ ਸੀ, ਕੀ ਸਾਨੂੰ ਜਾਣਕਾਰੀ ਹੈ। ਕੈਨੇਡਾ ਵਿੱਚ ਖ਼ਾਲਸਾ ਦੀਵਾਨ ਸੁਸਾਇਟੀ ਦਾ ਬੂਟਾ ਲਾਉਣ ਵਾਲੇ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਮੋਢੀ ਗਦਰੀ ਸਨ, ਜਿਹੜੇ ਅੰਗਰੇਜ਼ ਫਾਸ਼ੀਵਾਦ ਖ਼ਿਲਾਫ਼ ਲੜੇ, ਪਰ ਮਗਰੋਂ ਏਥੇ ਹੀ ਮੋਦੀ, ਇੰਦਰਾ ਵਰਗੇ ਫਾਸ਼ੀਵਾਦੀ ਆਉਂਦੇ ਰਹੇ, ਕੀ ਇਸ ਦਾ ਸਾਨੂੰ ਭੋਰਾ-ਭਰ ਵੀ ਅਹਿਸਾਸ ਹੈ। ਭਾਰਤੀਆਂ ਦੇ ਗਲੋਂ ਗੁਲਾਮੀ ਦੀਆਂ ਜ਼ੰਜੀਰਾਂ ਲਾਹੁਣ ਲਈ ਅਤੇ ਕੈਨੇਡਾ ਵਿੱਚੋਂ ਨਸਲਵਾਦ ਤੇ ਬਸਤੀਵਾਦ ਦੀਆਂ ਜੜ੍ਹਾਂ ਪੁੱਟਣ ਲਈ, ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਮੋਢੀ ਗਦਰੀ ਬਾਬਿਆਂ ਨੇ ਸ਼ਹੀਦੀਆਂ ਪਾਈਆਂ, ਕੀ ਭਾਰਤੀਆਂ ਨੂੰ, ਇਸ ਗੱਲ ਦਾ ਅਹਿਸਾਸ ਹੈ। ਕੈਨੇਡਾ ਵਿਚ ਵਿਧਾਇਕ/ ਮੰਤਰੀਆਂ ਆਦਿ ਦੀ ਜੋ ਹੋਂਦ ਹੈ, ਉਹ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਮੋਢੀ ਗਦਰੀ ਬਾਬਿਆਂ ਕਰਕੇ ਹੈ, ਪਰ ਉਨ੍ਹਾਂ ਵਿੱਚੋਂ ਕਿਸੇ ਵੱਲੋਂ ਵੀ ਟਵੀਟ ਕਰਕੇ ਜਾਂ ਸੰਦੇਸ਼ ਲਿਖ ਕੇ, ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ। ਭਾਰਤ ਵਿੱਚੋਂ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਪੁੱਟਣ ਲਈ, ਸ਼ਹੀਦ ਭਾਈ ਬਲਵੰਤ ਸਿੰਘ ਤੇ ਉਨ੍ਹਾਂ ਦੇ ਭਾਈਆਂ ਨੇ ਸ਼ਹੀਦੀਆਂ ਪਾਈਆਂ, ਪਰ ਭਾਰਤ ਵਿੱਚ, ਕਿਸੇ ਵੀ ਸਿਆਸੀ ਆਗੂ ਨੇ ਕਦੇ ਭਾਈ ਸਾਹਿਬ ਦਾ ਨਾਂ ਤੱਕ ਲਿਆ ਹੈ।

ਫਾਸ਼ੀਵਾਦੀ ਅੰਗਰੇਜ਼ ਸਰਕਾਰ ਦੇ ਖ਼ਾਤਮੇ ਲਈ, ਭਾਈ ਬਲਵੰਤ ਸਿੰਘ ਜੀ ਨੇ ਫਾਂਸੀ ਦਾ ਰੱਸਾ ਚੁੰਮਿਆ, ਪਰ ਪੰਜਾਬ ਵਿਚ ‘ਭਗਤ ਸਿੰਘ ਦੀ ਵਾਰਿਸ ਅਖਵਾਉਣ ਵਾਲੀ ਸਰਕਾਰ’ ਵਿੱਚੋਂ ਮੁੱਖ ਮੰਤਰੀ ਜਾਂ ਕਿਸੇ ਹੋਰ ਨੇ, ਮੀਡੀਆ ਵਿੱਚ ਕੋਈ ਸੰਦੇਸ਼ ਤੱਕ ਦੇ ਕੇ ਸ਼ਰਧਾਂਜਲੀ ਭੇਟ ਕੀਤੀ ਹੈ। ਪੰਜਾਬ ਦੇ ਵਿੱਦਿਅਕ ਖੇਤਰਾਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ’ਚ ਕਿਧਰੇ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਤੇ ਉਨ੍ਹਾਂ ਦੇ ਸਾਥੀਆਂ ਦਾ ਇਤਿਹਾਸ ਪੜ੍ਹਾਇਆ ਜਾਂਦਾ ਹੈ। ਭਾਰਤ ਵਿੱਚੋਂ ਅੰਗਰੇਜ਼ ਹਾਕਮ ਕੱਢਣ ਲਈ ਭਾਈ ਬਲਵੰਤ ਸਿੰਘ ਜੀ ਮੋਢੀ ਬਣੇ, ਪਰ ਅੱਜ ‘ਕਾਲੇ ਅੰਗਰੇਜ਼’ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਜੇਲ੍ਹਾਂ ਵਿੱਚ ਸੁੱਟ ਰਹੇ ਹਨ, ਕੀ ਇਸ ਸਬੰਧੀ ਕਦੇ ਸਾਡੀ ਜ਼ੁਬਾਨ ਖੁੱਲ੍ਹੀ ਹੈ। ਜੇਕਰ ਇਨ੍ਹਾਂ ਸਵਾਲਾਂ ਬਾਰੇ ਉੱਤਰ “ਹਾਂ-ਪੱਖੀ“ ਹਨ, ਤਾਂ ਅਸੀਂ ਗ਼ਦਰੀ ਬਾਬਿਆਂ ਦੇ ਵਾਰਿਸ ਅਖਵਾ ਸਕਦੇ ਹਾਂ, ਪਰ ਜੇਕਰ ਇਨ੍ਹਾਂ ਸਵਾਲਾਂ ਦੇ ਉੱਤਰ “ਨਾਂਹ-ਪੱਖੀ“ ਹਨ, ਤਾਂ ਫਿਰ ਇਹੀ ਕਿਹਾ ਜਾ ਸਕਦਾ ਹੈ,“ਸ਼ੇਰਾਂ ਦੀਆਂ ਮਾਰਾਂ ਅਤੇ ਗਿੱਦੜਾਂ ਦੀਆਂ ਕਲੋਲਾਂ” ਉਪਰੋਕਤ ਸਵਾਲਾਂ ਦੇ ਉੱਤਰ ਜਾਣਨ ਲਈ, ਆਓ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਜੀਵਨ ਅਤੇ ਸੰਘਰਸ਼ ਬਾਰੇ ਵਿਚਾਰ ਕਰੀਏ। ਕੈਨੇਡਾ ਦੇ ਗ਼ਦਰੀ ਬਾਬਿਆਂ ਦੇ ਸ਼ਾਨਾਮੱਤੇ ਇਤਿਹਾਸ ਵਿਚ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਵਿਸ਼ੇਸ਼ ਸਥਾਨ ਹੈ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਸ਼ਹੀਦ ਭਾਈ ਬਲਵੰਤ ਸਿੰਘ ਨੂੰ ਗ਼ਦਰ ਲਹਿਰ ਦੇ ਯੋਧਿਆਂ ਦੇ ‘ਤਾਰਾ ਮੰਡਲ ਦਾ ਚੰਦ’ ਕਹਿ ਕੇ ਸਤਿਕਾਰਿਆ ਗਿਆ ਹੈ। ਮਹਾਨ ਵਿਵੇਕਵਾਨ ਭਾਈ ਸਾਹਿਬ ਵੱਲੋਂ ਜਿੱਥੇ ਕੈਨੇਡਾ ਵਿਚ ਨਸਲਵਾਦ ਖ਼ਿਲਾਫ਼ ਜ਼ੋਰਦਾਰ ਸੰਘਰਸ਼ ਕੀਤਾ ਗਿਆ, ਉਥੇ ਭਾਰਤ ਜਾ ਕੇ ਬਸਤੀਵਾਦ ਨੂੰ ਜੜ੍ਹੋਂ ਪੁੱਟਣ ਲਈ, ਸ਼ਹੀਦੀ ਪਾਉਂਦਿਆਂ ਸੁਨਹਿਰੀ ਇਤਿਹਾਸ ਰਚਿਆ ਗਿਆ। ਅੰਗਰੇਜ਼ਾਂ ਦੇ ਗੁਲਾਮ ਭਾਰਤ ਦੇ ਮੁਖੀ ਵਾਇਸਰਾਏ ਲਾਰਡ ਹਾਰਡਿੰਗ ਅੱਗੇ ਛਾਤੀ ਤਾਣ ਕੇ ਗੱਲਬਾਤ ਕਰਨ ਵਾਲਾ ਸ਼ਖ਼ਸ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦਾ ਪਹਿਲਾ ਗ੍ਰੰਥੀ ਸਿੰਘ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ‘ਗ੍ਰੰਥੀ ਸਿੰਘ’ ਦੇ ਰੁਤਬੇ ‘ਤੇ ਸੁਸ਼ੋਭਿਤ ਹੋਣ ਵਾਲੀਆਂ ਸ਼ਖ਼ਸੀਅਤਾਂ ਦੀ ਕੁਰਬਾਨੀਆਂ ਭਰੀ ਸ਼ਹਾਦਤ ਦਾ ਕਿੰਨਾ ਮਹਾਨ ਇਤਿਹਾਸ ਹੈ। ਸ਼ਹੀਦ ਭਾਈ ਬਲਵੰਤ ਸਿੰਘ ਦੀ ਸ਼ਹਾਦਤ ਮੌਜੂਦਾ ਸਮੇਂ ਅਤੇ ਸਥਿਤੀ ਵਿੱਚ ਵੀ ਓਨੀ ਹੀ ਪ੍ਰਸੰਗਿਕ ਹੈ, ਜਿੰਨੀ ਇੱਕ ਸਦੀ ਪਹਿਲਾਂ ਸੀ। ਦੁਖਾਂਤ ਇਸ ਗੱਲ ਦਾ ਹੈ ਕਿ ਅਜੇ ਤੱਕ ਨਾ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਹੀ ਅਤੇ ਨਾ ਹੀ ਪੰਜਾਬ ਦੇ ਸੰਘਰਸ਼ ਲਈ ਇਤਿਹਾਸ ਵਿੱਚ, ਭਾਈ ਬਲਵੰਤ ਸਿੰਘ ਨੂੰ ਬਾਰੇ ਕੁਝ ਲਿਖਿਆ ਮਿਲਦਾ ਹੈ।



ਸਿੰਘ ਸਾਹਿਬ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਯਾਦਗਾਰੀ ਤਸਵੀਰ। ਨਾਲ ਹਨ ਸੁਪਤਨੀ ਬੀਬੀ ਕਰਤਾਰ ਕੌਰ, ਸਪੁੱਤਰੀਆਂ ਊਧਮ ਕੌਰ, ਨਿਰੰਜਣ ਕੌਰ ਅਤੇ ਕੈਨੇਡਾ ਦਾ ਜੰਮਪਲ ਪਹਿਲਾ ਸਿੱਖ ਬੱਚਾ ਭਾਈ ਹਰਦਿਆਲ ਸਿੰਘ।

ਅੰਗਰੇਜ਼ਾਂ ਤੋਂ ਮੁਆਫ਼ੀਆਂ ਮੰਗਣ ਵਾਲੇ ‘ਸਵਰਕਰ’ ਨੂੰ ਆਜ਼ਾਦੀ ਦਾ ਨਾਇਕ ਪੇਸ਼ ਕਰਨ ਵਾਲੀ, ਅੱਜ ਦੀ ਫਾਸ਼ੀਵਾਦੀ ਸਰਕਾਰ ਤੋਂ ਤਾਂ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਨੂੰ ਮਹਾਨ ਯੋਧਾ ਕਰਾਰ ਦੇਣ ਦੀ ਆਸ ਰੱਖਣਾ ਹੀ ਗ਼ਲਤ ਹੈ। ਦਰਅਸਲ ਭਾਈ ਸਾਹਿਬ ਦੀ ਸ਼ਹਾਦਤ, ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਹੁੰਦਿਆਂ, ਉਸ ਵੇਲੇ ਦੇ ਰਾਜਸੀ ਮੁਖੀਆਂ ਨੂੰ ਚੁਣੌਤੀ ਦਿੰਦਿਆਂ, ਸਮੁੱਚੇ ਗਦਰ ਲਹਿਰ ਦੇ ਇਤਿਹਾਸ ਵਿੱਚ ਵਿਲੱਖਣ ਮਾਰਗ ਦਰਸ਼ਕ ਕਹੀ ਜਾ ਸਕਦੀ ਹੈ। ਪੰਜਾਬ ਦੇ ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ ਵਿਖੇ ਭਾਈ ਸਾਹਿਬ ਦਾ ਜਨਮ 15 ਸਤੰਬਰ 1882 ਨੂੰ ਹੋਇਆ। ਆਪ ਨੇ ਆਦਮਪੁਰ ਤੋਂ ਅੱਠਵੀਂ ਤੱਕ ਪੜ੍ਹਾਈ ਕਰਨ ਮਗਰੋਂ ਕੁਝ ਸਮਾਂ ਫ਼ੌਜ ਵਿੱਚ ਨੌਕਰੀ ਵੀ ਕੀਤੀ, ਪਰ ਸੰਤ ਕਰਮ ਸਿੰਘ ਜੀ ਦੀ ਸੰਗਤ ਮਗਰੋਂ ਧਾਰਮਿਕ ਪ੍ਰਭਾਵ ਕਾਰਨ ਇਹ ਨੌਕਰੀ ਛੱਡ ਦਿੱਤੀ ਤੇ ਕੁਝ ਸਮੇਂ ਮਗਰੋਂ 1906 ਵਿੱਚ ਕੈਨੇਡਾ ਆ ਗਏ।

ਕੈਨੇਡਾ ‘ਚ 28 ਜੂਨ 1908 ਵਿੱਚ ਭਾਈ ਬਲਵੰਤ ਸਿੰਘ ਨੇ ਖਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਜੀ ਨਾਲ, ਇਕੱਠਿਆਂ ‘ਅੰਮ੍ਰਿਤਪਾਨ’ ਕੀਤਾ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੈਨੇਡਾ ਦਾ ਮੁੱਢ ਬੰਨਦਿਆਂ ਭਾਈ ਸਾਹਿਬ ਨੇ ਕੈਨੇਡਾ ਅਤੇ ਉੱਤਰੀ ਅਮਰੀਕਾ ‘ਚ ਨਾ ਸਿਰਫ ਪਹਿਲਾ ਸਿੱਖੀ ਪ੍ਰਚਾਰ ਦਾ ਕੇਂਦਰ ਹੀ ਸਥਾਪਿਤ ਕੀਤਾ, ਬਲਕਿ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਇਕਮੁੱਠ ਹੋ ਕੇ ਸੰਘਰਸ਼ ਦਾ ਸਾਂਝਾ ਕੇਂਦਰ ਵੀ ਸਿਰਜਿਆ। ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਸਾਰੀ ਜ਼ਿੰਦਗੀ ਸੰਘਰਸ਼ ਭਰਪੂਰ ਰਹੀ। ਉਨ੍ਹਾਂ 1908 ਵਿੱਚ ਕੈਨੇਡਾ ਦੀ ਬ੍ਰਿਟਿਸ਼ ਸਰਕਾਰ ਵੱਲੋਂ ਭਾਰਤੀਆਂ ਨੂੰ ਇੱਥੋਂ ਕੱਢ ਕੇ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਨਾਲ ਮਿਲ ਕੇ ਨਾਕਾਮ ਕੀਤਾ।

ਅੱਜ ਜੇਕਰ ਭਾਰਤੀ ਇੰਮੀਗ੍ਰੈਂਟ ਕੈਨੇਡਾ ਵਿੱਚ ਵਸੇ ਹੋਏ ਹਨ, ਤਾਂ ਇਹ ਭਾਈ ਬਲਵੰਤ ਸਿੰਘ ਜੀ ਦੀ ਦੇਣ ਹੈ। ਕੈਨੇਡਾ ਵਿੱਚ ਇੰਡੀਅਨ ਲੋਕਾਂ ਦੇ ਪਰਿਵਾਰਾਂ ਨੂੰ ਆਉਣ ਦੀ ਆਗਿਆ ਨਹੀਂ ਸੀ, ਜਦਕਿ ਹੋਰ ਮੁਲਕਾਂ ਤੋਂ ਲੋਕ ਪਰਿਵਾਰਾਂ ਸਮੇਤ ਆ ਵਸੇ ਸਨ। ਇਸ ਖ਼ਿਲਾਫ਼ ਵੀ ਸੰਘਰਸ਼ ਦਾ ਮੁੱਢ ਵੀ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਨੇ ਬੰਨ੍ਹਿਆ ਅਤੇ 21 ਜਨਵਰੀ 1912 ਨੂੰ ਅਨੇਕਾਂ ਕਸ਼ਟ ਝੱਲ ਕੇ ਆਪਣੇ ਪਰਿਵਾਰਾਂ ਨੂੰ ਲੈ ਕੇ ਵੈਨਕੂਵਰ ਪੁੱਜੇ, ਹਾਲਾਂਕਿ ਭਾਈ ਸਾਹਿਬ ਦੀ ਪਤਨੀ ਬੀਬੀ ਕਰਤਾਰ ਕੌਰ ਅਤੇ ਦੋ ਪੁੱਤਰੀਆਂ ਚਾਰ ਸਾਲਾ ਊਧਮ ਕੌਰ ਦੇ ਇੱਕ ਸਾਲਾ ਨਿਰੰਜਣ ਕੌਰ ਨੂੰ ਕੈਨੇਡਾ ਦੀ ਧਰਤੀ ਤੇ ਉਤਰਨ ਨਾ ਦਿੱਤਾ ਗਿਆ ਅਤੇ ਇੱਥੋਂ ਵਾਪਸ ਮੋੜਨ ਦੇ ਹੁਕਮ ਦਿੱਤੇ, ਪਰ ਵੈਨਕੂਵਰ ਦੇ ਸਿੱਖਾਂ ਦੇ ਤਿੱਖੇ ਸੰਘਰਸ਼ ਅਤੇ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਦੀ ਸੂਝ-ਬੂਝ ਸਦਕਾ, ਇਮੀਗਰੇਸ਼ਨ ਵਿਭਾਗ ਨੂੰ ਗੋਡੇ ਟੇਕਣੇ ਪਏ ਅਤੇ ਪਰਿਵਾਰਾਂ ਨੂੰ 3 ਜੂਨ 1912 ਨੂੰ ਕੈਨੇਡੀਅਨ ਸਰਕਾਰ ਵੱਲੋਂ ਆਖਰਕਾਰ, ਕੈਨੇਡਾ ਵਿੱਚ ਦਾਖਲ ਹੋਣ ਦਿੱਤਾ ਗਿਆ।

ਭਾਈ ਸਾਹਿਬ ਦੇ ਪਰਿਵਾਰ ਦੇ ਕੈਨੇਡਾ ਆਉਣ ਨਾਲ ਨਾ ਸਿਰਫ ਆਰਜ਼ੀ ਰੂਪ ਵਿੱਚ ਇਸਤਰੀਆਂ ਤੇ ਪਰਿਵਾਰਾਂ ਦੀ ਆਮਦ ਦਾ ਮੁੱਢ ਬੱਝਿਆ, ਬਲਕਿ 28 ਅਗਸਤ 1912 ਨੂੰ ਆਪ ਜੀ ਦੇ ਗ੍ਰਹਿ ਵਿਖੇ ਬੀਬੀ ਕਰਤਾਰ ਕੌਰ ਦੀ ਕੁੱਖੋਂ ਜਨਮਿਆ ਬੱਚਾ ਹਰਦਿਆਲ ਸਿੰਘ ‘ਕੈਨੇਡਾ ਦੀ ਧਰਤੀ ਤੇ ਪੈਦਾ ਹੋਣ ਵਾਲਾ ਪਹਿਲਾ ਸਿੱਖ’ ਅਤੇ ਅਣਵੰਡੇ ਭਾਰਤ ਤੋਂ ਪਰਵਾਸ ਕਰਕੇ ਆਏ ਪਰਿਵਾਰ ਦਾ ਪਹਿਲਾ ਬਾਲਕ ਵੀ ਬਣਿਆ। ਪਰਿਵਾਰ ਦੇ ਇਸ ਆਰਜ਼ੀ ਪ੍ਰਵਾਸ ਮਗਰੋਂ ਵੀ ਭਾਈ ਸਾਹਿਬ ਨੇ ਕੈਨੇਡਾ ‘ਚ ਇਮੀਗ੍ਰੈਂਟ ਪਰਿਵਾਰਾਂ ਲਈ ਬੂਹੇ ਖੋਲ੍ਹਣ ਵਾਸਤੇ ਲੰਮਾ ਸੰਘਰਸ਼ ਕੀਤਾ, ਜਿਸ ਲਈ ਇਤਿਹਾਸ ਸਦਾ ਹੀ ਆਪ ਜੀ ਦਾ ਰਿਣੀ ਰਹੇਗਾ।

ਅੱਜ ਤੋਂ ਇੱਕ ਸਦੀ ਪਹਿਲਾਂ ਜਦੋਂ ਕੈਨੇਡਾ ਵਿੱਚ ਮਨੁੱਖੀ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਸੀ ਅਤੇ ਪਰਵਾਸੀ ਲੋਕਾਂ ਨੂੰ ਸਸਕਾਰ ਕਰਨ ਤੋਂ ਵੀ ਰੋਕ ਦਿੱਤਾ ਜਾਂਦਾ ਸੀ, ਲੋਕ ਲੁੱਕ- ਛਿਪ ਕੇ ਜੰਗਲ ਵਿੱਚ ਦੂਰ-ਦੁਰਾਡੇ ਬਰਫ਼ ਤੇ ਮੀਂਹ ਪੈਂਦਿਆਂ ਮ੍ਰਿਤਕ ਦਾ ਸਸਕਾਰ ਕਰਦੇ ਸਨ, ਉਸ ਵੇਲੇ ਭਾਈ ਬਲਵੰਤ ਸਿੰਘ ਨੇ ਹੋਰਨਾਂ ਆਗੂਆਂ ਨਾਲ ਮਿਲ ਕੇ ਸ਼ਮਸ਼ਾਨ ਭੂਮੀ ਲਈ ਕੁਝ ਜਗ੍ਹਾ ਜ਼ਮੀਨ ਖਰੀਦੀ ਅਤੇ ਸਸਕਾਰ ਕਰਨ ਦਾ ਇੰਤਜ਼ਾਮ ਕਰਕੇ ਸਭਨਾਂ ਨੂੰ ਵੱਡੀ ਰਾਹਤ ਦਿਵਾਈ।

‘ਗ਼ਦਰ ਪਾਰਟੀ’ ਦਾ ਉੱਤਰੀ ਅਮਰੀਕਾ ਵਿੱਚ ਜਿਸ ਵੇਲੇ ਅਜੇ ਮੁੱਢ ਬੰਨ੍ਹਿਆ ਜਾ ਰਿਹਾ ਸੀ, ਉਸ ਵੇਲੇ ਭਾਈ ਸਾਹਿਬ ਦੀ ਅਗਵਾਈ ਵਿੱਚ 14 ਮਾਰਚ 1913 ਨੂੰ ਤਿੰਨ ਮੈਂਬਰੀ ਵਫਦ, ਲੰਡਨ ਅਤੇ ਭਾਰਤ ਜਾ ਕੇ, ਅੰਗਰੇਜ਼ ਸਾਮਰਾਜ ਦੇ ਅਸਲ ਚਿਹਰੇ ਨੂੰ ਨੰਗਾ ਕਰਨ ਦਾ ਸੰਘਰਸ਼ ਸ਼ੁਰੂ ਕਰ ਚੁੱਕਿਆ ਸੀ। ਇਸ ਵਫ਼ਦ ਵਿੱਚ ਭਾਈ ਸਾਹਿਬ ਦੇ ਸਹਿਯੋਗੀ ਅਮਰੀਕਾ ਤੋਂ ਸਿੱਖ ਪ੍ਰਤੀਨਿਧ ਨੰਦ ਸਿੰਘ ਸੀਹਰਾ ਅਤੇ ਕੈਨੇਡਾ ਤੋਂ ਭਾਈ ਨਰੈਣ ਸਿੰਘ ਚੋਬਦਾਰ ਸਨ। ਇਨ੍ਹਾਂ 13 ਸਤੰਬਰ 1913 ਤੱਕ ਲੰਡਨ ਤੋਂ ਲੈ ਕੇ ਭਾਰਤ ਅਤੇ ਪੰਜਾਬ ਦੇ ਕੋਨੇ-ਕੋਨੇ ਵਿੱਚ ਆਵਾਜ਼ ਉਠਾਈ। ਸੂਝਵਾਨ ਲੀਡਰ, ਬੁਲੰਦ ਆਵਾਜ਼ ਦੇ ਮਾਲਕ ਅਤੇ ਦੂਰ-ਅੰਦੇਸ਼ ਆਗੂ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਜਦ ਬ੍ਰਿਟਿਸ਼ ਬਸਤੀਵਾਦ ਅਤੇ ਅੰਗਰੇਜ਼ ਸਾਮਰਾਜ ਦੀਆਂ ਬਦਨੀਤੀਆਂ, ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ 18 ਸਤੰਬਰ 1913 ਨੂੰ, ਸ਼ਿਮਲੇ ‘ਚ ਇੱਕ ਮੀਟਿੰਗ ਦੌਰਾਨ, ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਮੂੰਹ ‘ਤੇ ਕੀਤੀ ਸੀ, ਤਾਂ ਉਸ ਨੂੰ ਜਿਵੇਂ ਦੰਦਲ ਹੀ ਪੈ ਗਈ ਸੀ।

ਮਾਈਕਲ ਓਡਵਾਇਰ ਨੇ ਆਪਣੀ ਕਿਤਾਬ ‘ਇੰਡੀਆ ਐਜ਼ ਆਈ ਨਿਊ’ ਦੇ ਪੰਨਾ 191‘ਤੇ ਲਿਖਿਆ ਕਿ ਮੁਲਾਕਾਤੀਆਂ ਵਿੱਚੋਂ ‘ਤੀਸਰੇ ਬੰਦੇ’ (ਭਾਈ ਬਲਵੰਤ ਸਿੰਘ ਖੁਰਦਪੁਰ) ਦੇ ਤਰੀਕੇ ‘ਖ਼ਤਰਨਾਕ’ ਬਾਗ਼ੀ ਵਰਗੇ ਸਨ ਤੇ ਉਸ ਵਾਇਸਰਾਏ ਨੂੰ ਮਿਲਣ ਜਾ ਰਹੇ ਸੀ, ਜਿਸ ਤੋਂ ਖਾਸ ਤੌਰ ‘ਤੇ ‘ਇਸ ਮੈਂਬਰ’ ਪ੍ਰਤੀ ਸਾਵਧਾਨੀ ਵਰਤਣ ਲਈ ਕਿਹਾ ਗਿਆ। 5 ਅਕਤੂਬਰ 1913 ਨੂੰ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਨਾਲ ਭਾਈ ਬਲਵੰਤ ਸਿੰਘ ਦੀ ਅਗਵਾਈ ਵਿੱਚ ਕੈਨੇਡਾ ਤੋਂ ਆਏ ਵਫ਼ਦ ਨੇ ਮੁਲਾਕਾਤ ਕੀਤੀ ਅਤੇ ਇਮੀਗ੍ਰੇਸ਼ਨ ਦੀਆਂ ਕਾਲੀਆਂ ਨੀਤੀਆਂ, ਨਸਲੀ ਵਿਤਕਰੇ, ਧੱਕੇਸ਼ਾਹੀਆਂ ਅਤੇ ਜਬਰ- ਜ਼ੁਲਮ ਬਾਰੇ ਨਿਡਰਤਾ ਨਾਲ ਵਿਚਾਰ ਰੱਖੇ।

ਚਾਹੇ ਉਸ ਵੇਲੇ ਪੰਜਾਬ ਦੇ ਜਾਗਰੂਕ ਲੋਕਾਂ, ਲੋਕ ਪੱਖੀ ਮੀਡੀਆ ਅਤੇ ਆਮ ਵਿਅਕਤੀਆਂ ਨੇ ਭਾਈ ਬਲਵੰਤ ਸਿੰਘ ਦਾ ਸਾਥ ਦਿੱਤਾ, ਪਰ ਅਖੌਤੀ ਰਾਸ਼ਟਰਵਾਦੀ ਅਤੇ ਫਰੰਗੀਆਂ ਦੇ ਝੋਲੀ ਚੁੱਕਾਂ ਨੇ ਵਿਰੋਧ ਹੀ ਕੀਤਾ। ਗ਼ਦਰੀ ਸੂਰਮਿਆਂ ਦੇ ਅਖ਼ਬਾਰ ‘ਕਿਰਤੀ‘ 1926 ਦੇ ਅੰਕ ਦੇ ਪੰਨਾ 14 ਉੱਪਰ ਲਿਖਿਆ ਹੈ ਕਿ ਰਾਸ਼ਟਰਵਾਦੀ ਆਗੂ ਲਾਲਾ ਲਾਜਪਤ ਰਾਏ ਨੇ ਭਾਈ ਬਲਵੰਤ ਸਿੰਘ ਹੁਰਾਂ ਵੱਲੋਂ ਅੰਗਰੇਜ਼ਾਂ ਖ਼ਿਲਾਫ਼ ਕੀਤੇ ਸੰਘਰਸ਼ ਨੂੰ ‘ਕੇਵਲ ਸਿੱਖਾਂ ਦਾ ਮਸਲਾ’ ਕਹਿਕੇ ਉਹਨਾਂ ਦਾ ਸਾਥ ਦੇਣੋਂ ਨਾਂਹ ਕਰ ਦਿੱਤੀ। ਦੂਜੇ ਪਾਸੇ ਚੀਫ ਖਾਲਸਾ ਦੀਵਾਨ ਵਿਚਲੇ ਅੰਗਰੇਜ਼ਾਂ ਦੇ ਪਿੱਠੂਆਂ ਨੇ ਵੀ ਭਾਈ ਸਾਹਿਬ ਦੇ ਇਤਿਹਾਸਕ ਯਤਨਾਂ ਦਾ ਵਿਰੋਧ ਕਰਕੇ ਕੌਮ ਦੀ ਪਿੱਠ ‘ਚ ਛੁਰਾ ਮਾਰਿਆ। ਇਸੇ ਕਾਰਨ ਹੀ ਕੁਝ ਸਮਾਂ ਮਗਰੋਂ ਸਿੱਖ ਸੰਗਤਾਂ ਵੱਲੋਂ ਗੁਰਮਤਾ ਕਰਕੇ ਅਜਿਹੇ ਵਿਅਕਤੀਆਂ ਨੂੰ ਪੰਥ ਅਤੇ ਕੌਮ ਦੇ ਗ਼ਦਾਰ ਐਲਾਨਿਆ ਗਿਆ। ਇਤਿਹਾਸਕ ਸਰੋਤਾਂ ਅਨੁਸਾਰ ਇਨ੍ਹਾਂ ਗੁਰਮਤਿਆਂ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕਰਦਿਆਂ ਗਦਰੀ ਯੋਧਿਆਂ, ਕਾਮਾਗਾਟਾ ਮਾਰੂ ਦੇ ਮੁਸਾਫਰਾਂ, ਕੈਨੇਡਾ ਤੋਂ ਆਏ ਸਿੱਖ ਜੱਥਿਆਂ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਹੋਰਨਾਂ ਸ਼ਖ਼ਸੀਅਤਾਂ ਦੀ ਬਹਾਦਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਨਾਲ ਹੀ ਸੁੰਦਰ ਸਿੰਘ ਮਜੀਠੀਏ, ਅਰੂੜ ਸਿੰਘ ਸਰਬਰਾਹ ਅਤੇ ਗੁਰਬਖਸ਼ ਸਿੰਘ ਸਕੱਤਰ ਸਿੱਖ ਲੀਗ ਵਰਗਿਆਂ ਨੂੰ ਤਨਖਾਹੀਏ ਕਰਾਰ ਦੇ ਕੇ, ਉਨ੍ਹਾਂ ਨੂੰ ‘ਭਾਈ’ ਜਾਂ ‘ਸਰਦਾਰ’ ਸ਼ਬਦ ਨਾਲ ਸੰਬੋਧਨ ਨਾ ਕਰਨ ਵਾਸਤੇ ਕਿਹਾ ਗਿਆ। ਇਸ ਤੋਂ ਇਲਾਵਾ ਮਹਾਰਾਜਾ ਪਟਿਆਲਾ ਵੱਲੋਂ ਮਾਈਕਲ ਓਡਵਾਇਰ ਫੰਡ ਵਿੱਚ, ‘ਵੀਹ ਹਜ਼ਾਰ ਰੁਪਏ’ ਜਮ੍ਹਾਂ ਕਰਵਾਉਣ ਦੀ ਕਾਰਵਾਈ ਲਈ ਲਾਹਨਤਾਂ ਪਾਈਆਂ ਗਈਆਂ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ‘ਸਰ’ ਸੁੰਦਰ ਸਿੰਘ ਮਜੀਠੀਆ ਮਾਈਕਲ ਓਡਵਾਇਰ ਲਈ ਫੰਡ ਇਕੱਠਾ ਕਰਨ ਵਾਲੀ ਕਮੇਟੀ ਦਾ ਮੁਖੀ ਸੀ। ਭਾਈ ਬਲਵੰਤ ਸਿੰਘ ਖੁਰਦਪੁਰ ਨੇ ਕੈਨੇਡਾ ਵਾਪਸ ਪਰਤਦਿਆਂ ਆਪਣੇ ਮਿੱਤਰ ਭਾਈ ਹਰਚੰਦ ਸਿੰਘ ਲਾਇਲਪੁਰੀ ਨੂੰ ਪੱਤਰ ਲਿਖਕੇ ਚੀਫ਼ ਖ਼ਾਲਸਾ ਦੀਵਾਨ ਨਾਲੋਂ ਨਾਤਾ ਤੋੜਨ ਅਤੇ ਅੰਗਰੇਜ਼ ਹਕੂਮਤ ਦਾ ਡਟਵਾਂ ਵਿਰੋਧ ਕਰਨ ਦੀ ਹਦਾਇਤ ਕੀਤੀ ਸੀ। ਕੈਨੇਡਾ ਵਾਪਸੀ ਦੌਰਾਨ ਆਪ ਕਾਮਾਗਾਟਾ ਮਾਰੂ ‘ਗੁਰੂ ਨਾਨਕ ਜਹਾਜ਼’ ਦੇ ਮੁਸਾਫ਼ਰਾਂ ਅਤੇ ਮੁਖੀ ਭਾਈ ਗੁਰਦਿੱਤ ਸਿੰਘ ਸਰਹਾਲੀ ਨੂੰ ਵੀ ਮਿਲੇ ਅਤੇ ਜਹਾਜ਼ ਦੇ ਕੈਨੇਡਾ ਪੁੱਜਣ ਤੋਂ ਦੋ ਦਿਨ ਪਹਿਲਾਂ ਵੈਨਕੂਵਰ ਪਹੁੰਚ ਗਏ। ਮੁਸਾਫ਼ਰਾਂ ਦੀ ਸਹਾਇਤਾ ਲਈ ਬਣੀ ‘ਸ਼ੋਅਰ ਕਮੇਟੀ‘ ਵਿੱਚ ਭਾਈ ਸਾਹਿਬ ਆਗੂ ਸਨ। ਜਦੋਂ ਜਬਰੀ ਜਹਾਜ਼ ਭਾਰਤ ਵਾਪਸ ਮੁੜਨ ਦਾ ਫੈਸਲਾ ਕੀਤਾ ਗਿਆ, ਤਾਂ ਭਾਈ ਸਾਹਿਬ ਆਪਣੇ ਸਾਥੀਆਂ ਸਮੇਤ 23 ਜੁਲਾਈ 1914 ਨੂੰ ਅਮਰੀਕਾ ਤੋਂ ਹਥਿਆਰ ਖ਼ਰੀਦਣ ਵਾਸਤੇ ਗਏ, ਤਾਂ ਕਿ ਜਹਾਜ਼ ਰਾਹੀਂ ਗ਼ਦਰ ਪਾਰਟੀ ਦੇ ਲੀਡਰਾਂ ਤੱਕ ਪਹੁੰਚਾਏ ਜਾ ਸਕਣ, ਪਰ ਸੂਮਸ ਬਾਰਡਰ ’ਤੇ ਇਨ੍ਹਾਂ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਜਹਾਜ਼ ਪਰਤਣ ਤੋਂ ਬਾਅਦ ਰਿਹਾਅ ਕੀਤਾ ਗਿਆ।

ਭਾਰਤ ਵਿੱਚੋਂ ਬ੍ਰਿਟਿਸ਼ ਬਸਤੀਵਾਦ ਦੇ ਖ਼ਾਤਮੇ ਦੇ ਸੰਘਰਸ਼ ਦੇ ਫੈਸਲੇ ਅਧੀਨ ਸਿੰਘ ਸਾਹਿਬ ਨੇ ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ ਭਾਰਤ ਜਾਣ ਦਾ ਫੈਸਲਾ ਕਰ ਲਿਆ। ਭਾਈ ਬਲਵੰਤ ਸਿੰਘ ਦੀ ਖੁਰਦਪੁਰ ਆਪਣੇ ਸਾਥੀਆਂ ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ ਚੰਦ ਨਵਾਂ ਨਾਲ ਸਾਨ-ਫਰਾਂਸਿਸਕੋ ਤੋਂ 23 ਜਨਵਰੀ 1915 ਨੂੰ ਰਵਾਨਾ ਹੋਏ ਅਤੇ ਅਨੇਕਾਂ ਚੁਣੌਤੀਆਂ ਮਗਰੋਂ 13 ਜੁਲਾਈ ਨੂੰ ਬੈਂਕਾਕ ਪੁੱਜੇ। ਇਤਿਹਾਸਕਾਰਾਂ ਅਨੁਸਾਰ ਆਪ ਬੈਂਕਾਕ ਦੇ ਹਸਪਤਾਲ ’ਚ ਜ਼ੇਰੇ ਇਲਾਜ ਸਨ, ਜਦੋਂ ਸ਼ਿਆਮ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਸੌਂਪ ਦਿੱਤਾ, ਜੋ ਕਿ ਕੌਮਾਂਤਰੀ ਪੱਧਰ ’ਤੇ ਨਿਯਮਾਂ ਦੀ ਸਖ਼ਤ ਉਲੰਘਣਾ ਸੀ।

ਅੰਗਰੇਜ਼ ਹਕੂਮਤ ਨੇ ਪਹਿਲਾਂ ਸਿੰਗਾਪੁਰ ਅਤੇ ਫਿਰ ਕਲਕੱਤੇ ਸਥਿਤ ਅਲੀਪੁਰ ਜੇਲ੍ਹ ਵਿੱਚ ਭਾਈ ਸਾਹਿਬ ’ਤੇ ਭਾਰੀ ਤਸ਼ੱਦਦ ਕੀਤਾ। ਜੁਲਾਈ 1916 ਵਿੱਚ ਆਪ ਨੂੰ ਪੰਜਾਬ ਲਿਜਾ ਕੇ ‘ਲਾਹੌਰ ਸੈਕਿੰਡ ਸਪਲੀਮੈਂਟਰੀ ਸਾਜ਼ਿਸ਼’ ਮੁਕੱਦਮੇ ਅਧੀਨ ਪੇਸ਼ ਕੀਤਾ ਗਿਆ। ਬੇਲਾ ਜਿਆਣ ਗ਼ੱਦਾਰ ਵੈਨਕੂਵਰ ਦੇ ਸਾਥੀ ‘ਟਾਊਟ ਗੰਗਾ ਰਾਮ’ ਦੇ ਭਰਾ ਅਮਨ ਸਹੋਤਾ, ਮੰਗਲ ਜਿਆਣ ਅਤੇ ਬੇਅੰਤ ਸਿੰਘ ਨਾਲ ਮਿਲ ਕੇ ਝੂਠੀਆਂ ਗਵਾਹੀਆਂ ਦਿੱਤੀਆਂ, ਜਿਨ੍ਹਾਂ ਦੇ ਆਧਾਰ ਤੇ ਭਾਈ ਸਾਹਿਬ ਨੂੰ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟਾਉਣ ਅਤੇ ਗ਼ਦਰ ਮਚਾਉਣ ਵਾਲੇ ਲੋਕਾਂ ਦੇ ਆਗੂ ਵਜੋਂ ਭਾਰਤ ‘ਚ ਬਗਾਵਤ ਤੇ ਕਤਲ ਕਰਵਾਉਣ ਦਾ ਜ਼ਿੰਮੇਵਾਰ ਕਰਾਰ ਦਿੰਦਿਆਂ, ਇੰਡੀਅਨ ਪੈਨਲ ਕੋਡ ਅਨੁਸਾਰ ਸਜ਼ਾ- ਏ-ਮੌਤ ਸੁਣਾਈ ਗਈ ਅਤੇ ਸਾਰੀ ਜ਼ਮੀਨ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ। ਸਿੰਘ ਸਾਹਿਬ ਸ਼ਹਾਦਤ ਪਾਉਣ ਤੱਕ ਚੜ੍ਹਦੀ ਕਲਾ ਵਿੱਚ ਰਹੇ। ਉਨ੍ਹਾਂ ਦੀ ਇਹ ਸ਼ਬਦ ਜ਼ਿਕਰਯੋਗ ਹਨ : “ਰਾਜਸੀ ਮੌਤ ਮਰਨ ਨਾਲ ਮੈਨੂੰ ਖੁਸ਼ੀ ਹੈ ਅਤੇ ਮੈਨੂੰ ਇਸ ਦਾ ਜ਼ਰਾ ਜਿੰਨਾ ਵੀ ਭੈਅ ਨਹੀਂ।” 29 ਮਾਰਚ 1917 ਨੂੰ ਜਦੋਂ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁੱਕਿਆ ਸੀ, ਉਸ ਤੋਂ ਇੱਕ ਰਾਤ ਬਾਅਦ ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ ਲਾਹੌਰ ਜੇਲ੍ਹ ਵਿੱਚ ‘ਆਖਰੀ ਮੁਲਾਕਾਤ’ ਲਈ ਪਹੁੰਚੀ, ਤਦ ਉਸ ਨੂੰ ਦੱਸਿਆ ਗਿਆ ਕਿ ਕੱਲ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਉਸ ਮੌਕੇ ‘ਤੇ ਜੇਲਰ ਨੇ ਬੀਬੀ ਕਰਤਾਰ ਕੌਰ ਨੂੰ ਭਾਈ ਸਾਹਿਬ ਜੀ ਦੇ ਨਿੱਜੀ ਸਾਮਾਨ ਵਿੱਚ ਜੋ ਕੁਝ ਸੌਂਪਿਆ, ਉਹ ਸੀ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਸਾਹਿਬ। ਭਾਈ ਸਾਹਿਬ ਦੇ ਜੀਵਨ ਦਾ ਹਰ ਪਹਿਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਜਬਰ- ਜ਼ੁਲਮ ਤਸ਼ੱਦਦ, ਗੁਲਾਮੀ ਅਤੇ ਅਣ-ਮਨੁੱਖੀ ਵਰਤਾਰੇ ਖ਼ਿਲਾਫ਼ ਲੜ-ਮਰਨ ਦਾ ਸੀ। ਜਦੋਂ ਆਪ ਜੀ ਨੂੰ ਬੈਂਕਾਕ ਵਿੱਚ ਪਹਿਲੀ ਅਗਸਤ ਸੰਨ 1915 ਨੂੰ ਗਿਫ਼ਤਾਰ ਕੀਤਾ ਗਿਆ, ਉਸ ਵੇਲੇ ਵੀ ਆਪ ਜੀ ਕੋਲੋਂ ਜੋ ਜੇਬ ਡਾਇਰੀ ਮਿਲੀ, ਉਸ ਦੇ ਬਾਹਰ ਜ਼ਫ਼ਰਨਾਮਾ ਵਿੱਚੋਂ ਇਹ ਸ਼ਬਦ ਅੰਕਿਤ ਸਨ “ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥” ਸ਼ਹੀਦ ਭਾਈ ਬਲਵੰਤ ਸਿੰਘ ਦੇ ਕੁਰਬਾਨੀਆਂ ਦੇ ਇਤਿਹਾਸਕ ਪੱਖਾਂ ਨੂੰ ਵੱਧ- ਚੜ ਕੇ ਪਹੁੰਚਣ ਦੀ ਲੋੜ ਹੈ, ਜਿਹਨਾਂ ਇੱਕੋ ਸਮੇਂ ‘ਵਿਚਾਰਾਂ ਅਤੇ ਹਥਿਆਰਾਂ’ ਦੇ ਸੰਘਰਸ਼ ਨਾਲ ਜ਼ਾਲਮ ਹਕੂਮਤ ਨੂੰ ਭਾਜੜਾਂ ਪਾਈਆਂ ਅਤੇ ਇਹ ਸਿੱਧ ਕਰ ਦਿੱਤਾ ਕਿ “ਜਦ ਧਿਰ ਉਪਾਵਾਂ ਦੀ ਹਾਰਦੀ ਹੈ, ਤਾਂ ਜਾਇਜ਼ ਵਰਤੋਂ ਤਲਵਾਰ ਦੀ ਹੈ।“ ਅੱਜ ਫਿਰ ਭਾਰਤ ਵਿੱਚ ਫਾਸ਼ੀਵਾਦੀ ਹਿੰਦੂਤਵੀ ਹਕੂਮਤ ਕਬਜ਼ਾ ਹੈ। ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਸੰਘਰਸ਼ ਦੇ ਮਾਡਲ ‘ਯੂਨਾਈਟਿਡ ਸਟੇਟਸ ਆਫ ਇੰਡੀਆ’ ਦੀ ਥਾਂ, ਕੇਂਦਰ ਵੱਲੋਂ ਆਪਣੇ ਸੂਬਿਆਂ ਨੂੰ ਬਸਤੀਆਂ ਬਣਾਇਆ ਜਾ ਰਿਹਾ ਹੈ। ਪੰਜਾਬ ਵਿਚ ਅੱਜ ਅਣ-ਐਲਾਨੀ ਐਮਰਜੈਂਸੀ ਇਸ ਦੀ ਗਵਾਹ ਹੈ। ਅੱਜ ਭਾਈ ਬਲਵੰਤ ਸਿੰਘ ਜੀ ਦੇ ਨਕਸ਼ੇ-ਕਦਮਾਂ ’ਤੇ ਚਲਦਿਆਂ ‘ਜਾਬਰ ਹਕੂਮਤ ਦੀ ਧੱਕੇਸ਼ਾਹੀ ਖ਼ਿਲਾਫ਼ ਲੜਨ’ ਦੀ ਲੋੜ ਹੈ।

KING 73 RENO LTD.
We Do All Kind of Renovation
•ਫਰੇਮਿੰਗ • ਡਰਾਈਵਾਲ • ਪੇਂਟਿੰਗ • ਟਾਈਲਾਂ
•ਸਨਡੈੱਕ ਦੀ ਰਿਪੇਅਰ • ਲੈਮੀਨੇਟ • ਵਾਸ਼ਰੂਮ
•ਕਿਚਨ • ਐਕਸਟਰਾ ਰੂਮ ਐਡੀਸ਼ਨ
• ਇਲੈਕਟ੍ਰੀਕਲ • ਪਲੰਬਿੰਗ • ਰੂਫਿੰਗ ਦਾ ਕੰਮ
ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ

FREE ESTIMATES
ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਨੇਸ਼ਨ ਫਰੀ ਐਸਟੀਮੇਟ ਵਾਸਤੇ 17 ਸਾਲਾਂ ਦੇ ਤਜ਼ਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ।
KING 73 RENO LTD.ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ। ਕੰਮ ਹਫ਼ਤੇ ਵਿਚ 6 ਦਿਨ ਚੱਲੇਗਾ। ਤਨਖਾਹ ਤਜ਼ਰਬੇ ਅਨੁਸਾਰ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ।
Gurdeep S. Gill Ph:778-896-4555
www.King73reno.com, Email:king73renoltd@gmail.com

# ਬੇਬਾਕ ਪੰਜਾਬੀ ਕਵੀ / ਉਸਤਾਦ ਦਾਮਨ



20ਵੀਂ ਸਦੀ ਦੇ ਨਾਬਰ, ਅਣਖੀਲੇ ਤੇ ਬੇਪ੍ਰਵਾਹ ਅਦੀਬਾਂ ਦਾ ਜ਼ਿਕਰ ਛਿੜੇ ਤਾਂ ਉਸਤਾਦ ਦਾਮਨ ਦਾ ਨਾਂ ਮੂਹਰਲੀ ਕਤਾਰ ਦੇ ਸ਼ਾਇਰਾਂ ਵਿੱਚ ਸ਼ੁਮਾਰ ਹੁੰਦਾ ਹੈ। 3 ਦਸੰਬਰ, 1911 ਨੂੰ ਲਾਹੌਰ ਵਿੱਚ ਜਨਮੇ ਇਸ ਸ਼ਾਇਰ ਨੇ ਬਾਲਪਨ ਵਿੱਚ ਹੀ ਆਸੇ-ਪਾਸੇ ਦੇ ਕਰੂਰ ਵਰਤਾਰਿਆਂ ਤੇ ਵਿਸੰਗਤੀਆਂ ਨੂੰ ਸ਼ਾਇਰਾਨਾ ਜ਼ੁਬਾਨ ਦੇਣੀ ਸ਼ੁਰੂ ਕਰ ਦਿੱਤੀ ਸੀ। ਇਨਕਲਾਬੀ ਕਵੀ ਦਾਮਨ ਸਰਕਾਰ ਤੇ ਨੁਕਤਾਚੀਨੀ ਕਰਨ ਵੇਲੇ ਰਤਾ ਨਹੀਂ ਝਿਜਕਦਾ ਸੀ। ਉਹ ਸੁਤੰਤਰਤਾ ਦੀ ਲਹਿਰ ਵਿਚ ਕਈ ਵਾਰੀ ਕੈਦ ਹੋਇਆ ਮੰਨਿਆ। ਦਾਮਨ ਦੀ ਖਾਸੀਅਤ ਇਹ ਸੀ ਕਿ ਉਹ ਹਰ ਸਮਕਾਲੀ ਘਟਨਾ ਤੇ ਕਵਿਤਾ ਲਿਖਣ ਵਿਚ ਕਮਾਲ ਕਰਦਾ ਸੀ। ਹਾਸ਼ੀਏ ਉਪਰ ਧੱਕੇ ਹੋਏ ਲੋਕਾਂ ਦੀ ਪੀੜਾ ਨੂੰ ਸ਼ਾਇਰਾਨਾ ਜ਼ੁਬਾਨ ਦੇ ਕੇ ਉਸ ਨੇ ਜਨ ਸਾਧਾਰਨ ਦਾ ਦਿਲ ਜਿੱਤ ਲਿਆ ਸੀ। ਉਹ ਅਮੀਰ ਲੋਕਾਂ ਦੇ ਖੋਖਲੇਪਨ ਤੇ ਅਡੰਬਰਾਂ ਨੂੰ ਕਲਮ ਦੀ ਤਿੱਖੀ ਨੋਕ ਨਾਲ ਛੇੜਦਾ ਸੀ ਅਤੇ ਸਮਾਜਕ, ਆਰਥਿਕ, ਅਸਾਵਾਂਪਨ ਉਸ ਨੂੰ ਦੁਖੀ ਕਰਦਾ ਸੀ। ਇੱਥੇ ਪੇਸ਼ ਹਨ ਉਹਨਾਂ ਦੀਆਂ ਕੁਝ ਕਾਵਿ ਰਚਨਾਵਾਂ

## ਮੈਨੂੰ ਕਈਆਂ ਨੇ ਆਖਿਆ

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ,
ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ।
ਗੋਦੀ ਜਿਦ੍ਹੀ 'ਚ ਪਲਕੇ ਜਵਾਨ ਹੋਇਓਂ,
ਉਹ ਮਾਂ ਛੱਡ ਦੇ ਤੇ ਗਰਾਂ ਛੱਡ ਦੇ।

ਜੇ ਪੰਜਾਬੀ, ਪੰਜਾਬੀ ਈ ਕੂਕਣਾ ਈਂ,
ਜਿਥੇ ਖਲਾ ਖਲੋਤਾ ਉਹ ਥਾਂ ਛੱਡ ਦੇ।
ਮੈਨੂੰ ਇੰਝ ਲੱਗਦਾ, ਲੋਕੀਂ ਆਖਦੇ ਨੇ,
ਤੂੰ ਪੁੱਤਰਾ ਆਪਣੀ ਮਾਂ ਛੱਡ ਦੇ।

## ਬੋਲੀ ਪੰਜਾਬੀ

ਏਥੇ ਬੋਲੀ ਪੰਜਾਬੀ ਹੀ ਬੋਲੀ ਜਾਏਗੀ,
ਉਰਦੂ ਵਿਚ ਕਿਤਾਬਾਂ ਦੇ ਠਣਦੀ ਰਹੇਗੀ।
ਇਹਦਾ ਪੁੱਤ ਹਾਂ ਇਹਦੇ ਤੋਂ ਦੁੱਧ ਮੰਗਣਾਂ,
ਮੇਰੀ ਭੁੱਖ ਇਹਦੀ ਛਾਤੀ ਤਣਦੀ ਰਹੇਗੀ।

ਇਹਦੇ ਲੱਖ ਹਰੀਫ਼ ਪਏ ਹੋਣ ਪੈਦਾ,
ਦਿਨ-ਬਦਿਨ ਇਹਦੀ ਸ਼ਕਲ ਬਣਦੀ ਰਹੇਗੀ।
ਉਦੋਂ ਤੀਕ ਪੰਜਾਬੀ ਤੇ ਨਹੀਂ ਮਰਦੀ,
ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।

## ਪੰਜਾਬੀ ਦੀ ਗੱਲ

ਜਦੋਂ ਕਦੇ ਪੰਜਾਬੀ ਦੀ ਗੱਲ ਕਰਾਂ,
ਫਾਂ ਫਾਂ ਕਰਦਾ ਫੂੰ ਫੂੰ ਆਉਂਦਾ।
ਤੂੰ ਪੰਜਾਬੀ ਪੰਜਾਬੀ ਕੀ ਲਾਈ ਹੋਈ ਏ,
ਚਾਂ ਚਾਂ ਕਰਦਾ ਚੂੰ ਚੂੰ ਆਉਂਦਾ।

ਉਹ ਬੋਲਦਾ ਬੋਲਦਾ ਟੁਰੀ ਜਾਂਦਾ,
ਖ਼ੌਰੇ ਮੇਰੇ ਬੁੱਲ੍ਹਾਂ ਨੂੰ ਸਿਉਂ ਆਉਂਦਾ।
ਇਹ ਗੱਲ ਹੈ ਮਾਂ ਤੇ ਪੁੱਤਰਾਂ ਦੀ,
ਕੋਈ ਤੀਸਰਾ ਇਹਦੇ ਵਿਚ ਕਿਉਂ ਆਉਂਦਾ।

## ਉਰਦੂ ਦਾ ਮੈਂ ਦੋਖੀ ਨਾਹੀਂ

ਉਰਦੂ ਦਾ ਮੈਂ ਦੋਖੀ ਨਾਹੀਂ
ਤੇ ਦੁਸ਼ਮਣ ਨਹੀਂ ਅੰਗਰੇਜ਼ੀ ਦਾ।
ਪੁੱਛਦੇ ਓ ਮੇਰੇ ਦਿਲ ਦੀ ਬੋਲੀ,
ਹਾਂ ਜੀ ਹਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।

ਬੁੱਲਾ ਮਿਲਿਆ ਏਸੇ ਵਿਚੋਂ,
ਏਸੇ ਵਿਚੋਂ ਵਾਰਿਸ ਵੀ।
ਧਾਰਾਂ ਮਿਲੀਆਂ ਏਸੇ ਵਿਚੋਂ,
ਮੇਰੀ ਮਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।

ਇਹਦੇ ਬੋਲ ਕੰਨਾਂ ਵਿਚ ਪੈਂਦੇ,
ਦਿਲ ਮੇਰੇ ਦੇ ਵਿਚ ਨੇ ਰਹਿੰਦੇ।
ਤਪਦੀਆਂ ਹੋਈਆਂ ਰੇਤਾਂ ਉੱਤੇ,
ਇਕ ਠੰਡੀ ਛਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।

ਇਹਦੇ ਦੁੱਧਾਂ ਦੇ ਵਿਚ ਮੱਖਣੀ,
ਮੱਖਣਾਂ ਵਿਚ ਘਿਓ ਦੀ ਚੱਖਣੀ।
ਡੱਬ ਖੜੱਬੀ ਦੁੱਧਲ ਜੇਹੀ,
ਇਕ ਸਾਡੀ ਗਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।

## ਮੇਰੇ ਖ਼ਿਆਲ ਅੰਦਰ

ਮੇਰੇ ਖ਼ਿਆਲ ਅੰਦਰ ਉਹ ਸ਼ਾਇਰ, ਸ਼ਾਇਰ ਹੁੰਦਾ,
ਖੰਡ, ਖੰਡ ਨੂੰ, ਜ਼ਹਿਰ ਨੂੰ ਜ਼ਹਿਰ ਆਖੇ।
ਜੋ ਕੁਝ ਹੁੰਦਾ ਏ ਹੋਵੇ, ਨਾ ਡਰੇ ਹਰਗਿਜ਼,
ਰਹਿਮ, ਰਹਿਮ ਨੂੰ, ਕਹਿਰ ਨੂੰ ਕਹਿਰ ਆਖੇ।

ਭਾਵੇਂ ਹਸਤੀ ਦੀ, ਬਸਤੀ ਬਰਬਾਦ ਹੋਵੇ,
ਜੰਗਲ, ਜੰਗਲ ਨੂੰ, ਸ਼ਹਿਰ ਨੂੰ ਸ਼ਹਿਰ ਆਖੇ।
'ਦਾਮਨ' ਦੁੱਖਾਂ ਦੇ ਬਹਿਰ 'ਚ ਜਾਏ ਡੁੱਬਦਾ,
ਨਦੀ, ਨਦੀ ਨੂੰ, ਨਹਿਰ ਨੂੰ ਨਹਿਰ ਆਖੇ।


## ਮੁਲਕ ਦੀ ਵੰਡ

ਇਸ ਮੁਲਕ ਦੀ ਵੰਡ ਕੋਲੋਂ ਯਾਰੋ,
ਖੋਏ ਤੁਸੀਂ ਵੀ ਹੋ, ਖੋਏ ਅਸੀਂ ਵੀ ਹਾਂ।
ਭਾਵੇਂ ਮੂਹੋਂ ਨਾ ਕਹੀਏ ਪਰ ਵਿਚੋਂ ਵਿੱਚੀ,
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਆਂ।

ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।
ਕੁੱਝ ਉਮੀਦ ਏ ਜ਼ਿੰਦਗੀ ਮਿਲ ਜਾਏਗੀ,
ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ।

ਜਿਉਂਦੀ ਜਾਨ ਈ
ਮੌਤ ਦੇ ਮੂੰਹ ਅੰਦਰ,
ਢੋਏ ਤੁਸੀਂ ਵੀ ਓ,
ਢੋਏ ਅਸੀਂ ਵੀ ਆਂ।
ਜਾਗਣ ਵਾਲਿਆਂ
ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ,
ਸੋਏ ਅਸੀਂ ਵੀ ਆਂ।

ਲਾਲੀ ਅੱਖੀਆਂ ਦੀ
ਪਈ ਦਸਦੀ ਏ,
ਰੋਏ ਤੁਸੀਂ ਵੀ ਓ, ਰੋਏ
ਅਸੀਂ ਵੀ ਆਂ।



## 7. ਘੁੰਡ

ਘੁੰਡ ਮੁਖੜੇ ਤੋ ਲਾਹ
ਓ ਯਾਰ।

ਘੁੰਡ ਤੇਰੇ ਨੇ ਅੰਨ੍ਹੇ
ਕੀਤੇ,
ਕਈ ਫਿਰਦੇ ਨੇ ਚੁੱਪ
ਚੁਪੀਤੇ।
ਕਿੰਨਿਆਂ ਜ਼ਹਿਰ
ਪਿਆਲੇ ਪੀਤੇ,
ਕਈਆਂ ਖ਼ੂਨ ਜਿਗਰ ਦੇ ਪੀਤੇ।
ਕਈਆਂ ਅਪਣੀ ਖੱਲ ਲੁਹਾਈ,
ਕਿੰਨੇ ਚੜ੍ਹੇ ਨੇ ਉੱਤੇ ਦਾਰ।
ਘੁੰਡ ਮੁਖੜੇ ਤੋ ਲਾਹ ਓ ਯਾਰ।
ਚਾਰ ਦੀਵਾਰੀ ਇੱਟਾਂ ਦੀ ਏ,
ਬੁਰਜ ਅਟਾਰੀ ਇੱਟਾਂ ਦੀ ਏ।
ਖੇਡ ਖਿਡਾਰੀ ਇੱਟਾਂ ਦੀ ਏ,
ਸਭ ਉਸਾਰੀ ਇੱਟਾਂ ਦੀ ਏ।
ਇੱਟਾਂ ਦੇ ਨਾਲ ਇੱਟ ਖੜੱਕਾ,
ਮੈਂ ਮੈਂ ਵਿਚੋਂ ਮੁਕਾ ਓ ਯਾਰ।
ਘੁੰਡ ਮੁਖੜੇ ਤੋ ਲਾਹ ਓ ਯਾਰ।

ਵੇਦ ਕਿਤਾਬਾਂ ਪੜ੍ਹ ਪੜ੍ਹ ਥੱਕਾ,
ਕੁਝ ਨਾ ਬਣਿਆਂ ਕੱਚਾ ਪੱਕਾ।
ਓੜਕ ਰਹਿ ਗਿਆ ਹੱਕਾ ਬੱਕਾ,
ਮੱਕੇ ਗਿਆ ਤੇ ਕੁੱਝ ਨਾ ਮੁੱਕਾ।
ਐਵੇਂ ਮੁੱਕ ਮੁਕੱਈਏ ਕਾਹਦੇ,
ਮੁੱਕਦੀ ਗੱਲ ਮੁਕਾ ਓ ਯਾਰ।
ਘੁੰਡ ਮੁਖੜੇ ਤੋ ਲਾਹ ਓ ਯਾਰ।

ਮਸਜਿਦ ਮੰਦਰ ਤੇਰੇ ਲਈ ਏ,
ਬਾਹਰ ਅੰਦਰ ਤੇਰੇ ਲਈ ਏ।
ਦਿਲ-ਏ-ਕਲੰਦਰ ਤੇਰੇ ਲਈ ਏ,
ਸਿੱਕ ਇਕ ਅੰਦਰ ਤੇਰੇ ਲਈ ਏ।
ਮੇਰੇ ਕੋਲ ਤੇ ਦਿਲ ਈ ਦਿਲ ਏ,
ਉਹਦੇ ਵਿਚ ਸਮਾ ਓ ਯਾਰ।

ਘੁੰਡ ਮੁਖੜੇ ਤੋ ਲਾਹ ਓ ਯਾਰ।
ਮੁੱਕਦੀ ਗੱਲ ਮੁਕਾ ਓ ਯਾਰ।

## ਦੁਨੀਆ ਮਿਸਲ ਸਰਾਂ ਦ

ਇਹ ਦੁਨੀਆ ਮਿਸਲ ਸਰਾਂ ਦੀ ਏ,
ਏਥੇ ਮੁਸਾਫ਼ਿਰਾਂ ਬੈਠ, ਖਲੋ ਜਾਣਾ।
ਵਾਰੋ ਵਾਰੀ ਏ ਸਾਰਿਆਂ ਕੂਚ ਕਰਨਾ,
ਆਈ ਵਾਰ ਨਾ ਕਿਸੇ ਅਟਕੋ ਜਾਣਾ।

ਮੇਰੇ ਵੇਂਹਦਿਆਂ ਵੇਂਹਦਿਆਂ ਕਈ ਹੋ ਗਏ,
ਤੇ ਮੈਂ ਕਈਆਂ ਦੇ ਵੇਂਹਦਿਆਂ ਹੋ ਜਾਣਾ।
'ਦਾਮਨ' ਸ਼ਾਲ ਦੁਸ਼ਾਲੇ, ਲੀਰਾਂ ਵਾਲਿਆਂ ਵੀ,
ਸਭਨਾ ਖ਼ਾਕ ਦੇ ਵਿਚ ਸਮੋ
ਜਾਣਾ।

## ਹੰਝੂ

ਹੰਝੂ ਰਾਤ ਦੇ ਤੁਪਕੇ ਤ੍ਰੇਲ ਦੇ
ਨੇ,
ਹੰਝੂ ਹੰਝੂਆਂ ਤੇ ਸਿੱਟਦੇ ਗੁਜ਼ਰ
ਚੱਲੇ।
ਜ਼ਿੰਦਗੀ ਕੀ ਏ ਨੈਣਾਂ
ਪਿਆਸਿਆਂ ਦੀ,
ਰੋਂਦੇ ਆਏ ਸਾਂ ਪਿੱਟਦੇ ਗੁਜ਼ਰ
ਚੱਲੇ।

ਖ਼ੂਨ ਜਿਗਰ ਦਾ ਤਲੀ 'ਤੇ
ਰੱਖ ਕੇ ਤੇ,
ਧਰਤੀ ਪੋਚਦੇ ਪੋਚਦੇ ਗੁਜ਼ਰ
ਚੱਲੇ।
ਏਥੇ ਕਿਵੇਂ ਗੁਜ਼ਾਰੀਏ ਜ਼ਿੰਦਗੀ
ਨੂੰ
ਇਹੋ ਸੋਚਦੇ ਸੋਚਦੇ ਗੁਜ਼ਰ
ਚੱਲੇ।

## ਦਿਲਾ ਬੜਾ ਤੂੰ ਚੰਗਾ ਏਂ

ਦਿਲਾ ਬੜਾ ਤੂੰ ਚੰਗਾ ਏਂ ਫੇਰ ਕੀ ਏ
ਏਥੇ ਲੋਕ ਅਜ਼ਮਾ ਕੇ ਵੇਖਦੇ ਨੇ
ਝੁਕ ਕੇ ਮਿਲਣ ਵਾਲੇ ਕਦੇ ਵੇਖਿਆ ਈ
ਸਭ ਕੁਝ ਅੱਖ ਚੁਰਾ ਕੇ ਵੇਖਦੇ ਨੇ

ਦੀਦੇ ਕੁਦਰਤ ਦੇ ਫੁੱਲਾਂ ਦੀ ਆਬਰੂ ਨੂੰ
ਕੰਡਿਆਂ ਵਿਚ ਉਲਝਾ ਕੇ ਵੇਖਦੇ ਨੇ
ਚਿਹਰਾ ਸ਼ਾਹੀ ਸਿੱਕਾ ਭਾਵੇਂ ਲੱਖ ਹੋਵੇ
ਤਾਂ ਵੀ ਲੋਕ ਟਣਕਾ ਕੇ ਵੇਖਦੇ ਨੇ

ਸੋਨਾ ਪਾਸੇ ਦਾ ਹੋਵੇ ਕਸਵੱਟੀ ਲਾਕੇ
ਉਤੋਂ ਅੱਗ ਵਿਚ ਪਾ ਕੇ ਵੇਖਦੇ ਨੇ
ਸੁੱਚੇ ਹੀਰੇ ਨੂੰ ਆਰੀਆਂ ਹੇਠ ਦੇ ਕੇ
ਬੜਾ ਕੱਟ ਕਟਾ ਕੇ ਵੇਖਦੇ ਨੇ

ਜਿਹੜਾ ਸੁਰਮਾ ਜ਼ੋਬਨ ਬਣੇ ਅੱਖੀਆਂ ਦਾ
ਖਰਲਾਂ ਵਿਚ ਰਗੜਾ ਕੇ ਵੇਖਦੇ ਨੇ
ਰੋਵੇਂ ਯਾਰਾਂ ਨੂੰ ਸਕੇ ਭਰਾ ਏਥੇ
ਖੂਹੇ ਵਿਚ ਲਮਕਾ ਕੇ ਵੇਖਦੇ ਨੇ

ਏਥੇ ਸਭਨਾਂ ਤੋਂ 'ਦਾਮਨ' ਹੈ ਖ਼ਾਕ ਚੰਗੀ
ਜਿਹਨੂੰ ਪਰਖ ਪਰਖਾ ਕੇ ਵੇਖਦੇ ਨੇ।

## ਕੁਝ ਕਹਿਣ ਨੂੰ ਜੀ ਪਿਆ ਕਰਦਾ ਏ

ਕੁਝ ਕਹਿਣ ਨੂੰ ਜੀ ਪਿਆ ਕਰਦਾ ਏ,
ਕੁਝ ਕਹਿਣ ਤੋਂ ਵੀ ਪਿਆ ਡਰਦਾ ਏ।
ਕੁਝ ਕਹੀਏ ਪਾਗਲ ਕਹਿੰਦੇ ਨੇ,
ਚੁੱਪ ਰਹੀਏ ਸੀਨਾ ਸੜਦਾ ਏ।
ਕੁਝ ਕਹਿਣ ਨੂੰ ਜੀ ਪਿਆ ਕਰਦਾ ਏ।
ਕੁਝ ਕਹਿਣ ਤੋਂ ਵੀ ਪਿਆ ਡਰਦਾ ਏ।

ਏਥੇ ਤਨ ਤੋਂ ਲੀੜੇ ਲਾਹੁੰਦੇ ਨੇ,
ਕਰ ਨੰਗੇ ਜਿਸਮ ਨਚਾਉਂਦੇ ਨੇ।
ਇੱਜ਼ਤਾਂ ਦੇ ਸਿਰ ਕੋਈ ਕੱਜਦਾ ਨਹੀਂ,
ਲਾਸ਼ਾਂ ਨੂੰ ਖ਼ੂਬ ਸਜਾਉਂਦੇ ਨੇ।
ਕੁਝ ਕਹਿਣ ਨੂੰ ਜੀ ਪਿਆ ਕਰਦਾ ਏ।
ਕੁਝ ਕਹਿਣ ਤੋਂ ਵੀ ਪਿਆ ਡਰਦਾ ਏ।

ਏਥੇ ਬੰਦੇ ਵਿਕਦੇ ਵੇਖੇ ਨੇ,
ਏਥੇ ਹਾੜ੍ਹੇ ਵਿਕਦੇ ਵੇਖੇ ਨੇ।
ਇਸ ਜੱਗ ਦੀ ਉਲਟੀ ਗੰਗਾ ਵਿਚ,
ਫੁੱਲ ਡੁੱਬਦਾ ਪੱਥਰ ਤਰਦਾ ਏ।
ਕੁਝ ਕਹਿਣ ਨੂੰ ਜੀ ਪਿਆ ਕਰਦਾ ਏ।
ਕੁਝ ਕਹਿਣ ਤੋਂ ਵੀ ਪਿਆ ਡਰਦਾ ਏ।

ਧਨ ਦੌਲਤ ਧਰਮ ਇਮਾਨ ਇਥੇ,
ਗੀਤਾ, ਅੰਜੀਲ, ਕੁਰਾਨ ਇਥੇ।
ਇਸ ਦੌਲਤ ਬਦਲੇ ਹਰ ਕੋਈ,
ਹੱਸ ਹੱਸ ਕੇ ਸੂਲੀ ਚੜ੍ਹਦਾ ਏ।
ਕੁਝ ਕਹਿਣ ਨੂੰ ਜੀ ਪਿਆ ਕਰਦਾ ਏ।
ਕੁਝ ਕਹਿਣ ਤੋਂ ਵੀ ਪਿਆ ਡਰਦਾ ਏ।

ਕੀ ਰਿਸ਼ਤੇ ਨਾਤੇ ਮਾਣ ਇਥੇ,
ਹੈ ਦੌਲਤ ਰਾਮ ਰਹਿਮਾਨ ਇਥੇ।
ਏਥੇ ਦਿਨ ਨੂੰ ਘੁੱਪ ਹਨੇਰੇ ਨੇ,
ਰਾਤਾਂ ਨੂੰ ਸੂਰਜ ਚੜ੍ਹਦਾ ਏ।
ਕੁਝ ਕਹਿਣ ਨੂੰ ਜੀ ਪਿਆ ਕਰਦਾ ਏ।
ਕੁਝ ਕਹਿਣ ਤੋਂ ਵੀ ਪਿਆ ਡਰਦਾ ਏ।

ਏਥੇ ਲੀਡਰ ਪਾਣ ਭੁਲੇਖੇ ਜੀ,
ਏਥੇ ਲੁੱਟ ਦੇ ਲੰਮੇ ਲੇਖੇ ਜੀ।
ਹਰ ਬੰਦਾ ਏਥੇ ਹਰ ਵੇਲੇ,
ਪੈਸੇ ਦਾ ਕਲਮਾ ਪੜ੍ਹਦਾ ਏ।
ਕੁਝ ਕਹਿਣ ਨੂੰ ਜੀ ਪਿਆ ਕਰਦਾ ਏ।
ਕੁਝ ਕਹਿਣ ਤੋਂ ਵੀ ਪਿਆ ਡਰਦਾ ਏ।

## ਜਦ ਵੀ ਚਾਹਾਂਗੇ



ਪ੍ਰਮਿੰਦਰਜੀਤ

ਜੀਣ ਦਾ ਕੀ ਏ
ਲਿਖ ਲਈਏ ਜਦ ਕੋਈ
ਨਵੀਂ ਨਜ਼ਮ
ਤਾਂ ਹੋ ਜਾਈਦਾ ਏ ਜੀਣ
ਜੋਗੇ
ਪੜ੍ਹ ਲਈਏ ਕਿਤੇ ਕੋਈ
ਖ਼ੂਬਸੂਰਤ ਨਜ਼ਮ
ਸੁਣ ਲਈਏ ਦੂਰ ਕਿਤੋਂ ਆਉਂਦੀ ਸੁਰੀਲੀ ਤਾਨ
ਵੇਖ ਲਈਏ ਅੰਬਰ ਦੀ ਹਿੱਕ 'ਤੇ
ਪਰਵਾਜ਼ ਦੇ ਨਕਸ਼ ਲਿਖਦਾ ਪੰਖੇਰੂ ਕੋਈ
ਤਾਂ ਹੋ ਜਾਈਦਾ ਏ ਜੀਣ ਜੋਗੇ।

ਤੋਤਲੇ ਚਿਹਰੇ ਦੀ ਮਾਸੂਮ ਛੋਹ
ਰਸੋਈ 'ਚੋਂ ਬਾਹਰ ਆਉਂਦੀ – ਗਿੱਲੇ ਹੱਥ ਪੂੰਝਦੀ
ਪਤਨੀ ਦੀ ਰਮਜ਼ ਭਰੀ ਮੁਸਕਣੀ
ਬਿਰਧ ਮਾਂ ਦੀਆਂ ਅਸੀਸਾਂ ਦੀ ਆਬਸ਼ਾਰ
ਆਂਦਰਾਂ ਦੇ ਨਿੱਘ 'ਚ ਭਿੱਜੀ
ਕਿਸੇ ਮਿੱਤਰ ਪਿਆਰੇ ਦੀ ਗਲਵਕੜੀ

ਰਾਹ ਤੁਰਦਿਆਂ ਤੱਕੀ ਕੋਈ ਹੁਸੀਨ ਸੂਰਤ
ਹਮਸਾਏ ਰੰਗਾਂ 'ਚ ਢਲੀ ਕੋਈ ਮੋਹ-ਮੂਰਤ
ਦੂਰੋਂ-ਪਰਦੇਸੋਂ ਆਇਆ ਕਿਸੇ ਮਿੱਤਰ ਪਿਆਰੇ ਦਾ ਖ਼ਤ
ਜਾਂ ਘਰ ਦੇ ਬੂਹੇ 'ਤੇ ਹੋਈ ਕੋਸੀ ਜਿਹੀ ਦਸਤਕ

ਬੜਾ ਕੁਝ ਏ ਸਾਡੇ ਕੋਲ
ਖਿੰਡਰਿਆ, ਖਿਲਰਿਆ – ਜੀਣ ਜੋਗਾ

ਪਰ ਅਸ਼ੀਂ ਤਾਂ
ਸਭ ਕੁਝ ਤੋਂ ਲੰਘ ਆਏ ਹਾਂ – ਨਜ਼ਰਾਂ ਚੁਰਾ ਕੇ
ਜੀਣ ਜੋਗੇ ਪਲਾਂ, ਛਿਣਾਂ ਤੋਂ ਮੂੰਹ ਫੇਰ ਲੈਂਦੇ ਹਾਂ
ਸਾਨੂੰ ਲਗਦਾ ਏ ਚੰਗਾ – ਹੌਲੀ ਹੌਲੀ ਖੁਰਨਾ
ਅਸੀਂ ਜੀਣਾ ਨਹੀਂ –
ਹਰ ਪਲ ਲੋਚਦੇ ਹਾਂ ਮਰਨਾ

ਸੋਚਦੇ ਹਾਂ, ਜੀਣ ਦਾ ਕੀ ਏ
ਜਦ ਵੀ ਚਾਹਾਂਗੇ...ਜੀਅ ਲਵਾਂਗੇ!!

**(ਨਾਗਮਣੀ, ਨਵੰਬਰ 1998, ਅੰਕ - 391)**

# ਨਿਊਯਾਰਕ ਨਿਵਾਸੀ ਬਲਦੇਵ ਸਿੰਘ ਗਰੇਵਾਲ ਦਾ ਨਵ ਪ੍ਰਕਾਸ਼ਿਤ ਨਾਵਲ 'ਇਕ ਹੋਰ ਪੁਲ ਸਰਾਤ' ਰਿਲੀਜ਼

## ਪੁਲ ਸਰਾਤ ਦਾ ਰਸਤਾ ਅਸਲੋਂ ਵੱਖਰਾ ਹੈ-ਬੁਲਾਰੇ



ਸਰੀ (ਹਰਦਮ ਮਾਨ)-ਨਿਊਯਾਰਕ ਨਿਵਾਸੀ ਬਲਦੇਵ ਸਿੰਘ ਗਰੇਵਾਲ ਦੇ ਨਵ ਪ੍ਰਕਾਸ਼ਿਤ ਨਾਵਲ 'ਇਕ ਹੋਰ ਪੁਲ ਸਰਾਤ' ਦੇ ਰਿਲੀਜ਼ ਸਮਾਗਮ ਦੌਰਾਨ ਪਿਛਲੇ ਚਾਰ ਦਹਾਕਿਆਂ ਵਿਚ ਆਏ ਉਤਰਾ-ਚੜ੍ਹਾਅ ਅਤੇ ਪੰਜਾਬੀਆਂ ਜਾਂ ਹੋਰ ਸੂਬਿਆਂ ਦੇ ਪਰਵਾਸ ਵੱਲ ਵਧਦੇ ਕਦਮਾਂ ਨੂੰ ਬਿਆਨ ਕਰਦਾ ਇਹ ਨਾਵਲ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾ. ਸੁਰਜੀਤ ਪਾਤਰ, ਡਾ. ਹਰਜੀਤ (ਦੂਰਦਰਸ਼ਨ), ਡਾ. ਤੇਜਿੰਦਰ ਕੌਰ, ਹੈਲਿਨਾ, ਗਿਆਨ ਸਿੰਘ, ਡਾ. ਗੁਰਇਕਬਾਲ ਸਿੰਘ, ਸੰਦੀਪ ਸ਼ਰਮਾ, ਅਮਰਜੀਤ ਸਿੰਘ ਗਰੇਵਾਲ ਅਤੇ ਸਤੀਸ਼ ਗੁਲਾਟੀ ਨੇ ਸਾਂਝੇ ਤੌਰ 'ਤੇ ਰੀਲੀਜ਼ ਕੀਤਾ। ਚੇਤਨਾ ਪ੍ਰਕਾਸ਼ਨ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਦੇ ਸਹਿਯੋਗ ਨਾਲ ਕਰਵਾਏ ਗਏ ਪੰਜਾਬੀ ਭਵਨ ਲੁਧਿਆਣਾ ਵਿਖੇ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਨਾਵਲ 'ਤੇ ਬੋਲਦਿਆਂ ਸਭ ਵਿਦਵਾਨਾਂ ਨੇ ਕੁਝ ਵੱਖਰੇ ਅਨੁਭਵ ਸਾਂਝੇ ਕੀਤ। ਜ਼ਿਲ੍ਹਾ ਭਾਸ਼ਾ ਅਫ਼ਸਰ ਸੰਦੀਪ ਸ਼ਰਮਾ ਨੇ ਨਾਵਲ 'ਇਕ ਹੋਰ ਪੁਲ ਸਰਾਤ' ਬਾਰੇ ਵਿਸਥਾਰ ਸਹਿਤ ਬੋਲਦਿਆਂ ਕਿਹਾ ਕਿ ਗ਼ੈਰ ਕਾਨੂੰਨੀ ਢੰਗ ਨਾਲ ਇੰਮੀਗਰੇਸ਼ਨ ਏਜੰਸੀਆਂ ਦੇ ਬਹਿਕਾਵੇ ਵਿਚ ਆ ਕੇ ਜੋ ਲੋਕ ਅਮਰੀਕਾ ਜਾਂ ਹੋਰ ਦੇਸ਼ਾਂ ਵਿਚ ਜਾਣ ਦੀ ਕੋਸ਼ਿਸ਼ ਕਰਦੇ ਹਨ ਜਾਂ ਜਾਂਦੇ ਹਨ, ਜੋ ਦੁੱਖ ਤਕਲੀਫ਼ਾਂ ਉਨ੍ਹਾਂ ਨੂੰ ਝੱਲਣੀਆਂ ਪੈਂਦੀਆਂ ਹਨ, ਸੁਖਜੀਤ ਸਿੰਘ ਦੇ ਪਾਤਰ ਰਾਹੀਂ ਜਾਂ ਆਰਿਫ਼ ਫੁੰਮਣ ਸਿੰਘ, ਅੰਮ੍ਰਿਤਾ ਵਰਗੇ ਅਨੇਕਾਂ ਪਾਤਰਾਂ ਰਾਹੀਂ ਜੋ ਬਿਆਨ ਗਹਿਰਾਈ ਵਿੱਚ ਲੇਖਕ ਨੇ ਕੀਤਾ ਹੈ ਉਹ ਕਾਬਿਲੇ ਤਾਰੀਫ਼ ਹੈ। ਨਾਵਲ ਦਾ ਕਥਾਰਸ ਏਨਾ ਸ਼ਕਤੀਸ਼ਾਲੀ ਹੈ ਕਿ ਰੌਂਗਟੇ ਖੜ੍ਹੇ ਕਰਦਾ ਹੈ ਤੇ ਵਿੱਚੋਂ ਛੱਡਣ ਨੂੰ ਮਨ ਨਹੀਂ ਕਰਦਾ। ਡਾ. ਗੁਰਇਕਬਾਲ ਨੇ ਨਾਵਲ ਬਾਰੇ ਬਾਬੇ ਕੇ ਜਾਂ ਬਾਬਰ ਕੇ ਦੇ ਪ੍ਰਤੀਕਾਂ ਰਾਹੀਂ ਪ੍ਰਸ਼ਨ ਖੜ੍ਹੇ ਕੀਤ। ਡਾ. ਤੇਜਿੰਦਰ ਕੌਰ ਨੇ ਕਿਹਾ ਕਿ ਨਾਵਲ ਦੇ ਪਾਤਰਾਂ ਬਾਰੇ ਬਿਆਨ ਅਤੇ ਲੇਖਕ ਦਾ ਖ਼ੂਬਸੂਰਤ ਵਰਨਣ ਨਾਵਲ ਵਿਚ ਕਸ਼ਿਸ਼ ਪੈਦਾ ਕਰਦਾ ਹੈ। ਪਾਠਕ ਨਾਵਲ ਖ਼ਤਮ ਕੀਤੇ ਬਿਨਾਂ ਰਹਿ ਨਹੀਂ ਸਕਦਾ। ਇਹ ਹੀ ਨਾਵਲ ਦੀ ਪ੍ਰਾਪਤੀ ਹੈ। ਅਮਰਜੀਤ ਸਿੰਘ ਗਰੇਵਾਲ ਨੇ ਪੰਜਾਬ ਸੰਕਟ ਨਾਲ ਸਬੰਧਤ ਮੁਸ਼ਕਿਲਾਂ ਦਾ ਬਾਖ਼ੂਬੀ ਬਿਆਨ ਕੀਤਾ ਕਿ ਕਿਉਂ ਲੋਕ ਬਾਹਰ ਵੱਲ ਰੁਚਿਤ ਹੁੰਦੇ ਹਨ। ਨਾਵਲ ਬਾਰੇ ਡਾ. ਹਰਜੀਤ (ਦੂਰਦਰਸ਼ਨ) ਨੇ ਸਿਨੇਮਾ ਅਤੇ ਨਾਵਲ ਦੇ ਸੰਦਰਭ ਵਿਚ ਪਹਿਲ ਦਿੰਦਿਆਂ ਕਿਹਾ ਕਿ ਸਾਹਿਤਕ ਰਚਨਾਵਾਂ ਤੇ ਬਹੁਤ ਘੱਟ ਫ਼ਿਲਮਾਂ ਹੋਂਦ ਵਿਚ ਆਉਂਦੀਆਂ ਹਨ, ਕਿਉਂਕਿ ਉੱਥੇ ਪਹਿਲਾਂ ਵਿਉਪਾਰ ਦੇਖਿਆ ਜਾਂਦਾ ਹੈ ਅਤੇ ਬਾਅਦ ਵਿਚ ਕਹਾਣੀ ਜਾਂ ਨਾਵਲ। ਬਹੁਤ ਘੱਟ ਸਮੇਂ ਵਿਚ ਹੀ ਡਾ. ਸੋਮਪਾਲ ਅਤੇ ਉਸ ਦੀ ਜੀਵਨ ਸਾਥਣ ਕਮਲ ਨੇ ਨਾਵਲ ਦੇ ਦੋ ਕਾਂਡਾਂ ਤੇ ਆਧਾਰਿਤ ਪੰਦਰਾਂ ਮਿੰਟ ਦੀ ਨਾਟਕੀ ਪੇਸ਼ਕਾਰੀ ਕਰ ਕੇ ਸਰੋਤਿਆਂ ਦਾ ਧਿਆਨ ਆਪਣੇ ਵੱਲ ਖਿੱਚਣ 'ਚ ਕਾਮਯਾਬੀ ਹਾਸਲ ਕੀਤੀ। ਹੈਲਿਨਾ ਨੇ ਜਰਮਨੀ ਭਾਸ਼ਾ ਵਿਚ ਬਲਦੇਵ ਸਿੰਘ ਗਰੇਵਾਲ ਬਾਰੇ ਚਾਨਣਾ ਪਾਇਆ, ਜਿਸ ਦਾ ਅਨੁਵਾਦ ਗਿਆਨ ਸਿੰਘ ਨੇ ਬਾਖ਼ੂਬੀ ਕੀਤਾ ਕਿ ਹੈਲਿਨਾ ਨੇ ਪੰਜਾਬੀ ਰਵਾਇਤ ਤੋਂ ਵੱਖਰੇ ਮਹਿਸੂਸਦਿਆਂ ਜਿਵੇਂ ਗੁਰਬਾਣੀ ਦੀ ਤੁਕ ਹੈ, 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ' ਦੇ ਵਾਕ ਨੂੰ ਆਪਣੀ ਹਿੰਮਤ ਸਦਕਾ ਸੱਚਾ ਤੇ ਸੁੱਚਾ ਸ੍ਰੀ ਗੁਰੂ ਨਾਨਕ ਦੇਵ ਵੱਲੋਂ ਦਰਸਾਇਆ ਵਾਤਾਵਰਣ ਫਿਰ ਨਵੇਂ ਸਿਰੇ ਤੋਂ ਪੰਜਾਬ ਦੇ ਵਿਚ ਉਸਾਰ ਕੇ ਇਕ ਵੱਖਰੀ ਕਿਸਮ ਦਾ ਰੋਲ ਅਦਾ ਕੀਤਾ ਹੈ। ਜਰਨੈਲ ਸਿੰਘ ਸੇਖਾ ਨੇ ਗ਼ੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ਾਂ ਵਿਚ ਜਾਣ ਦੀ ਵਧ ਰਹੀ ਰੁਚੀ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ? ਡਾ. ਸੁਰਜੀਤ ਪਾਤਰ ਨੇ ਬਲਦੇਵ ਸਿੰਘ ਗਰੇਵਾਲ ਦੇ ਨਾਵਲ 'ਇਕ ਹੋਰ ਪੁਲ ਸਰਾਤ' ਨੂੰ ਹਿੰਮਤ, ਦਲੇਰੀ ਨਾਲ ਲਿਖਿਆ ਨਾਵਲ ਕਿਹਾ ਤੇ ਨਾਲ ਨਾਲ ਪੰਜਾਬ ਦੇ ਸੰਕਟ, ਪਰਵਾਸ ਵੱਲ ਵਧ ਰਹੀਆਂ ਰੁਚੀਆਂ ਬਾਰੇ ਪਿਛਲੇ ਸੌ ਸਾਲਾਂ ਵਿਚ ਚੱਲੇ ਅੰਦੋਲਨਾਂ ਬਾਰੇ ਵੀ ਬਾਖ਼ੂਬੀ ਬਿਆਨ ਕੀਤਾ। ਹਿੰਸਾਮਈ ਅੰਦੋਲਨਾਂ ਦਾ ਹਸ਼ਰ ਹੁੰਦਾ ਵੀ ਦੱਸਿਆ ਤੇ ਸ਼ਾਂਤਮਈ ਅੰਦੋਲਨ ਜਿਵੇਂ ਕਿ ਗੁਰਦਵਾਰਾ ਲਹਿਰ ਅਤੇ ਕਿਸਾਨ ਅੰਦੋਲਨ ਨੂੰ ਮਿਲੇ ਭਰਵੇਂ ਹੁੰਗਾਰੇ ਦਾ ਵੱਖਰਾ ਬਿਆਨ ਕੀਤਾ।

ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਪ੍ਰੋ. ਰਵਿੰਦਰ ਭੱਠਲ, ਪ੍ਰੋ. ਗੁਰਭਜਨ ਗਿੱਲ, ਸਰਬਜੀਤ ਸਿੰਘ ਮਾਨ (ਟੋਰਾਂਟੋ), ਡਾ. ਦਵਿੰਦਰਜੀਤ ਸਿੰਘ ਜੀਤਲਾ (ਅਸਟਰੇਲੀਆ), ਅਸ਼ਵਨੀ ਜੇਤਲੀ, ਮਾਸਟਰ ਹਰੀਸ਼, ਬਲਕੌਰ ਸਿੰਘ, ਡਾ. ਸੰਦੀਪ ਕੌਰ ਸੇਖੋਂ, ਸੁਰਿੰਦਰ ਕੌਰ, ਇੰਦਰਜੀਤ ਪਾਲ ਕੌਰ ਭਿੰਡਰ, ਤ੍ਰੈਲੋਚਨ ਲੋਚੀ, ਰਾਜਦੀਪ ਸਿੰਘ ਤੂਰ, ਹਰਜਿੰਦਰ ਸਹਿਜਲ, ਸਾਜਨ, ਕਰਨ, ਸੁਮੀਤ ਗੁਲਾਟੀ, ਗੁਰਪ੍ਰੀਤ ਸਿੰਘ, ਮਨਦੀਪ ਜੋਗੀ ਤੋਂ ਇਲਾਵਾ ਅਮਰਜੀਤ ਸ਼ੇਰਪੁਰੀ ਅਤੇ ਹੋਰ ਸਰੋਤੇ ਹਾਜ਼ਰ ਸਨ' ਸਮਾਗਮ ਦਾ ਸੰਚਾਲਨ ਸ਼ਾਇਰ ਸਤੀਸ਼ ਗੁਲਾਟੀ ਨੇ ਬਾਖ਼ੂਬੀ ਕੀਤਾ।







# ਜੈਕਲਿਨ ਵੱਲੋਂ ਫਿਲਮ 'ਫ਼ਤਹਿ' ਦੀ ਸ਼ੂਟਿੰਗ ਦਾ ਪਹਿਲਾ ਪੜਾਅ ਮੁਕੰਮਲ

ਮੁੰਬਈ-ਅਦਾਕਾਰਾ ਜੈਕਲੀਨ ਫਰਨਾਂਡੇਜ਼ ਨੇ ਆਪਣੀ ਫਿਲਮ 'ਫ਼ਤਹਿ' ਦੀ ਸ਼ੂਟਿੰਗ ਦਾ ਪਹਿਲਾ ਪੜਾਅ ਮੁਕੰਮਲ ਕਰ ਲਿਆ ਹੈ। ਅਦਾਕਾਰਾ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਸ਼ੂਟਿੰਗ ਦਾ ਪਹਿਲਾ ਹਿੱਸਾ ਸਮਾਪਤ ਕੀਤਾ, ਜਿਥੇ ਉਸ ਨੇ ਫਿਲਮ ਦੇ ਅਮਲੇ ਨਾਲ ਇਸ ਪਵਿੱਤਰ ਸ਼ਹਿਰ ਦਾ ਆਨੰਦ ਵੀ ਮਾਣਿਆ। ਇਸ ਦੌਰਾਨ ਜੈਕਲਿਨ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਲਜ਼ੀਜ਼ ਪੰਜਾਬੀ ਖਾਣੇ ਅਤੇ ਲੱਸੀ ਦਾ ਸਵਾਦ ਲੈਣ ਮੌਕੇ ਦੀਆਂ ਕੁਝ ਤਸਵੀਰਾਂ ਵੀ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਤਸਵੀਰਾਂ ਨਾਲ ਅਦਾਕਾਰਾ ਨੇ ਲਿਖਿਆ, 'ਧੰਨਵਾਦ ਅੰਮ੍ਰਿਤਸਰ...ਫਿਲਮ ਫ਼ਤਹਿ ਦੀ ਸ਼ੂਟਿੰਗ ਦਾ ਪਹਿਲਾ ਪੜਾਅ ਮੁਕੰਮਲ।' ਇਸ ਫਿਲਮ ਵਿੱਚ ਜੈਕਲੀਨ ਨਾਲ ਸੋਨੂ ਸੂਦ ਵੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਇਸ ਤੋਂ ਇਲਾਵਾ ਜੈਕਲੀਨ ਵਿਦੁਤ ਜਾਮਵਾਲ ਤੇ ਅਰਜੁਨ ਰਾਮਪਾਲ ਨਾਲ 'ਕ੍ਰੈਕ' ਵਿੱਚ ਵੀ ਕੰਮ ਕਰ ਰਹੀ ਹੈ।

# ਜਿੰਮੀ ਸ਼ੇਰਗਿੱਲ ਦੀ ਹੌਲੀਵੁੱਡ ਸਟਾਰ ਪੇਦਰੋ ਪਾਸਕਲ ਨਾਲ ਤੁਲਨਾ



ਮੁੰਬਈ-ਸੋਸ਼ਲ ਮੀਡੀਆ 'ਤੇ ਇੱਕ ਯੂਜ਼ਰ ਨੇ ਬੌਲੀਵੁੱਡ ਅਦਾਕਾਰ ਜਿੰਮੀ ਸ਼ੇਰਗਿੱਲ ਦੀ ਤੁਲਨਾ 'ਦਿ ਲਾਸਟ ਆਫ ਅਸ' ਫਿਲਮ ਦੇ ਸਟਾਰ ਪੇਦਰੋ ਪਾਸਕਲ ਨਾਲ ਕੀਤੀ ਹੈ। ਟਵਿੱਟਰ 'ਤੇ ਯੂਜ਼ਰ ਨੇ ਜਿੰਮੀ ਅਤੇ ਪਾਸਕਲ ਦੀ ਤਸਵੀਰ ਸਾਂਝੀ ਕੀਤੀ ਹੈ ਜਿਸ ਵਿਚ ਜਿੰਮੀ ਸ਼ੇਰਗਿੱਲ ਮੁੱਛਾਂ ਨੂੰ ਤਾਅ ਦਿੰਦਾ ਨਜ਼ਰ ਆ ਰਿਹਾ ਹੈ। ਇਸ ਯੂਜ਼ਰ ਨੇ ਕੈਪਸ਼ਨ ਵਿਚ ਲਿਖਿਆ, 'ਮਾਂ ਨੇ ਕਿਹਾ ਸੀ ਕਿ ਪੇਦਰੋ ਪਾਸਕਲ ਬਿਲਕੁਲ ਜਿੰਮੀ ਸ਼ੇਰਗਿੱਲ ਵਰਗਾ ਲੱਗਦਾ ਹੈ ਅਤੇ ਹੁਣ ਮੈਂ ਕੁਝ ਉਲਝਣ ਵਿੱਚ ਹਾਂ।' ਜਿਮੀ ਨੇ ਪੋਸਟ ਨੂੰ ਰੀ-ਟਵੀਟ ਕਰਦਿਆਂ ਸੰਦੇਸ਼ ਭੇਜਿਆ ਜਿਸ ਵਿਚ ਉਸ ਨੇ ਲਿਖਿਆ, 'ਉਨ੍ਹਾਂ ਨੂੰ ਮੇਰੀਆਂ ਸ਼ੁਭਕਾਮਨਾਵਾਂ।' ਇਸ ਦੇ ਨਾਲ ਹੀ ਜਿੰਮੀ ਨੇ ਹੱਥ ਜੋੜਦਿਆਂ ਤੇ ਹੱਸਦਿਆਂ ਦੀ ਇਮੋਜੀ ਵੀ ਸਾਂਝੀ ਕੀਤੀ। 52 ਸਾਲਾ ਸ਼ੇਰਗਿੱਲ ਨੇ ਆਖਰੀ ਵਾਰ ਸੁਦੀਪਤੋ ਸਰਕਾਰ ਦੀ 'ਅਪ੍ਰੇਸ਼ਨ ਮੇਅਫੇਅਰ' ਵਿੱਚ ਕੰਮ ਕੀਤਾ ਸੀ। ਜਿੰਮੀ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 1996 'ਚ ਆਈ ਫਿਲਮ 'ਮਾਚਿਸ' ਨਾਲ ਕੀਤੀ ਸੀ। ਉਸ ਨੇ ਬਾਅਦ ਵਿੱਚ 'ਮੁਹੱਬਤੇਂ', 'ਮੇਰੇ ਯਾਰ ਕੀ ਸ਼ਾਦੀ ਹੈ', 'ਮੁੰਨਾ ਬਾਈ ਐੱਮਬੀਬੀਐੱਸ', 'ਹਮ ਤੁਮ', 'ਏ ਵੈਡਨਸਡੇਅ' 'ਤਨੂ ਵੈਡਜ਼ ਮਨੂ' 'ਸਪੈਸ਼ਲ 26', 'ਮਾਈ ਨੇਮ ਇਜ਼ ਖਾਨ' ਆਦਿ ਫਿਲਮਾਂ ਵਿਚ ਕੰਮ ਕੀਤਾ।

# ਪ੍ਰਿਅੰਕਾ ਤੇ ਨਿਕ ਪਹਿਲੀ ਵਾਰ ਬੇਟੀ ਨਾਲ ਪੁੱਜੇ ਭਾਰਤ, ਮਾਂ ਦੀ ਗੋਦੀ 'ਚ ਖੇਡਦੀ ਨਜ਼ਰ ਆਈ ਮਾਲਤੀ

ਮੁੰਬਈ-ਪ੍ਰਿਅੰਕਾ ਚੋਪੜਾ ਤੇ ਨਿਕ ਜੋਨਸ ਆਪਣੀ ਬੇਟੀ ਮਾਲਤੀ ਨਾਲ ਪਹਿਲੀ ਵਾਰ ਭਾਰਤ ਆਏ ਹਨ। ਹੁਣ ਤਕ ਇਹ ਜੋੜਾ ਇਕੱਲੇ ਹੀ ਭਾਰਤ ਘੁੰਮਦਾ ਰਿਹਾ ਹੈ ਪਰ ਸ਼ੁੱਕਰਵਾਰ ਨੂੰ ਪ੍ਰਿਅੰਕਾ ਤੇ ਨਿਕ ਆਪਣੀ ਬੇਟੀ ਨਾਲ ਮੁੰਬਈ ਪਹੁੰਚੇ। ਪ੍ਰਿਅੰਕਾ ਚੋਪੜਾ, ਨਿਕ ਜੋਨਸ ਅਤੇ ਮਾਲਤੀ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਵੀਡੀਓ 'ਚ ਪ੍ਰਿਅੰਕਾ ਗੁਲਾਬੀ ਪਹਿਰਾਵੇ 'ਚ ਨਜ਼ਰ ਆ ਰਹੀ ਹੈ ਜਦਕਿ ਨਿਕ ਨੇਵੀ ਬਲੂ ਸਵੈਟ ਸ਼ਰਟ 'ਚ ਨਜ਼ਰ ਆ ਰਹੇ ਹਨ। ਉੱਥੇ ਹੀ, ਮਾਲਤੀ ਸਲੇਟੀ ਰੰਗ ਦੀ ਫਰਾਕ ਪਾਈ ਨਜ਼ਰ ਆ ਰਹੀ ਹੈ। ਜਿਵੇਂ ਹੀ ਤਿੰਨੋਂ ਏਅਰਪੋਰਟ ਪਹੁੰਚੇ, ਪਾਪਰਾਜ਼ੀ ਦੇ ਕੈਮਰਿਆਂ ਨੇ ਉਨ੍ਹਾਂ ਨੂੰ ਘੇਰ ਲਿਆ। ਪ੍ਰਿਅੰਕਾ ਨੇ ਆਪਣੀ ਕਾਰ ਵਿਚ ਸਿੱਧੇ ਬੈਠਣ ਦੀ ਬਜਾਏ ਨਿਕ ਅਤੇ ਮਾਲਤੀ ਦੇ ਨਾਲ ਪਾਪਰਾਜ਼ੀ ਲਈ



ਪੋਜ਼ ਦਿੱਤੇ ਤੇ ਮੁਸਕਰਾਉਂਦੇ ਹੋਏ ਸਾਰਿਆਂ ਨੂੰ ਹੈਲੋ ਕਿਹਾ। ਇਸ ਦੌਰਾਨ ਅਭਿਨੇਤਰੀ ਨੇ ਬੇਟੀ ਨੂੰ ਗੋਦੀ 'ਚ ਫੜਿਆ ਹੋਇਆ ਸੀ ਤੇ ਮਾਲਤੀ ਵੀ ਆਪਣੀ ਮਾਂ ਦੀ ਗੋਦ 'ਚ ਖੇਡਦੀ ਨਜ਼ਰ ਆ ਰਹੀ ਸੀ।

# ਹਾਰਡੀ ਸੰਧੂ ਨੇ ਦਿੱਤੀ ਪਰਿਨੀਤੀ ਤੇ ਰਾਘਵ ਚੱਢਾ ਨੂੰ ਵਧਾਈ

ਮੁੰਬਈ-ਅਦਾਕਾਰਾ ਪਰਿਨੀਤੀ ਚੋਪੜਾ ਦੀਆਂ 'ਆਪ' ਆਗੂ ਰਾਘਵ ਚੱਢਾ ਨਾਲ ਨਜ਼ਦੀਕੀਆਂ ਵਧਣ ਮਗਰੋਂ ਪਿਛਲੇ ਕੁਝ ਦਿਨਾਂ ਤੋਂ ਦੋਵਾਂ ਦੇ ਵਿਆਹ ਦੀ ਚਰਚਾ ਛਿੜੀ ਹੋਈ ਹੈ। ਹਾਲਾਂਕਿ ਇਸ ਮਾਮਲੇ ਵਿੱਚ ਦੋਵਾਂ ਨੇ ਹਾਲੇ ਤੱਕ ਕੁਝ ਵੀ ਨਹੀਂ ਦੱਸਿਆ ਹੈ,



ਪਰ ਹਾਲ ਹੀ ਵਿੱਚ ਪਰਿਨੀਤੀ ਨਾਲ 'ਕੋਡ ਨੇਮ ਤਿਰੰਗਾ' ਵਿੱਚ ਸਹਿ ਕਲਾਕਾਰ ਹਾਰਡੀ ਸੰਧੂ ਨੇ ਦੋਵਾਂ ਦੇ ਵਿਆਹ ਦੇ ਫ਼ੈਸਲੇ ਦੀ ਪੁਸ਼ਟੀ ਕਰਦਿਆਂ ਉਨ੍ਹਾਂ ਨੂੰ ਵਧਾਈ ਵੀ ਦਿੱਤੀ ਹੈ। ਸੰਧੂ ਨੇ ਕਿਹਾ, 'ਉਹ ਬਹੁਤ ਹੀ ਖ਼ੁਸ਼ ਹੈ, ਆਖਿਰਕਾਰ ਇਹ ਹੁਣ ਹੋ ਰਿਹਾ ਹੈ।' ਹਾਰਡੀ ਨੇ ਪਰਿਨੀਤੀ ਨੂੰ ਵਧਾਈ ਵੀ ਦਿੱਤੀ। ਹਾਰਡੀ ਨੇ ਇਹ ਵੀ ਦੱਸਿਆ ਕਿ ਫਿਲਮ 'ਕੋਡ ਨੇਮ ਤਿਰੰਗਾ' ਦੀ ਸ਼ੂਟਿੰਗ ਦੌਰਾਨ ਵੀ ਉਹ ਅਕਸਰ ਵਿਆਹ ਦੇ ਮੁੱਦੇ 'ਤੇ ਗੱਲਬਾਤ ਕਰਦੇ ਸਨ ਤੇ ਪਰਿਨੀਤੀ ਹਮੇਸ਼ਾ ਕਹਿੰਦੀ ਸੀ ਕਿ ਉਹ ਉਦੋਂ ਹੀ ਵਿਆਹ ਕਰਵਾਏਗੀ, ਜਦੋਂ ਉਸ ਨੂੰ ਕੋਈ ਸਹੀ ਇਨਸਾਨ ਮਿਲ ਜਾਵੇਗਾ।




# 5 CORNERS FURNITURE
## & MATTRESS GALLERY
## 5 ਕੌਰਨਰ ਫਰਨੀਚਰ ਐਬਟਸਫੋਰਡ




**ਸੁੰਦਰ, ਮਜ਼ਬੂਤ ਤੇ ਹੰਢਣਸਾਰ, ਲਾਜਵਾਬ ਫਰਨੀਚਰ ਖਰੀਦਣ ਲਈ ਸਾਡੇ ਸਟੋਰ ਤੇ ਦਰਸ਼ਨ ਦਿਓ।**



**All Lift Chairs & Recliners**
Including Leather
**50% OFF***
*All regular prices



**7 Piece Deluxe Dining Set**
96" Glass Table Top, 6 Chairs
**SALE $2199** Reg. $4999



**Full Size Sofa Bed**
with Double Spring Mattress
Made in Canada
**SALE $999** Reg. $2499
Available in two colours





By Ashley Furniture
**Power Reclining**
Sofa
**$1899** Reg $3999

**Sofa and Loveseat**
Available in three colours
**SALE $899** Reg. $2199

**Loveseat**
**SALE $1899** Reg $3999

**Chair**
**SALE $1499** Reg $2799

**EVERYTHING IN-STORE UP TO 70% OFF***
*All regular prices

**STOP BEFORE YOU BUY, SEE US!**

Affordable, quality home furniture such as bedroom sets, mattresses, dining sets, sofas, recliners, TV units, children's furniture, lamps, accessories, and more. We carry a wide selection of furniture manufactured in Canada. Exclusive dealer of Best Home Furnishings!

FIVE CORNERS FURNITURE
& MATTRESS GALLERY

Open Monday to Saturday 10 am - 7 pm • Sunday 11 am - 6 pm
**604-743-2000 • Unit 13-33550 South Fraser Way**
(lower back parking lot, behind Roseland Restaurant)
www.fcfm.ca

Serta Sealy Simmons



basant motors
Baldev Singh Bath
PRESIDENT
CAR DEALERSHIP • AUTOMOTIVE SERVICES • FINANCIAL SERVICES
At Basant Motors, we value each and every customer's experience. We are one of the most unique and largest pre-owned dealerships in BC. With 25 successful years in the automotive industry, we look forward to serving the community for generations to come.
Diverse huge inventory
On-Site Service Department
Basant Rewards Program
Lifetime Engine Warranties
www.basantmotors.com
604.572.7880
16315 Fraser Hwy, Surrey, BC V4N 0G1




LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3




ESSEX Collision Services Ltd.
ਐਸੈਕਸ ਕੋਲੀਜ਼ਨ ਸਰਵਿਸਜ਼ ਲਿਮ.
ICBC c.a.r. shop VALET
Accredited Collision Repairs & Valet Service
Chassis Straightening-Fibreglass Repair- Pin Striping-Color Matching-Domestic & Foreign-Welding Expert Framework using the latest technology.
Moe Vilkhu
Mukhtiar S Nijjar
www.essexcollision.com / E-mail:service@essexcollision.ca
Unit 105-12921-84 Ave Street
604-591-8242/778-999-8242
ICBC & Private Claims Accepted
Hi-Tech Computerized Down-Draft Spray Booth-Custom Body Work-Custom Paint & Exact Color Matching
Base Coat Clear Coat-Complete Collision Repair Specialists- Free Pick-Up & Drop Off Service
All technicians fully Certified. Quality service at affordable prices. Call us Today!




miissioncitypizza.com
MISSION CITY PIZZA
ਹਰ ਤਰ੍ਹਾਂ ਦੇ ਪੀਜ਼ਾ
ਲਈ ਹਮੇਸ਼ਾ ਯਾਦ ਰੱਖੋ
ਮਿਸ਼ਨ ਸਿਟੀ ਪੀਜ਼ਾ
Fresh vegietables & meat used for perfection
MONDAY
11.00AM-10:00PM
TUES-THURS
11.00AM-11:00PM
FRIDAY
11.00AM-12:00PM
SATURDAY
11.00AM-12:00PM
SUNDAY
11.00AM-10:00PM
MONDAY SPECIAL
2 for 1 Lasagna (Pick up Only
$11.99
TUESDAY SPECIAL
Any Large Pizza (Pick up Only
$10.00
LUNCH SPECIAL
SLICE OF PIZZA
$1.50
TAKE OUT & DELIVERY
FAMILY DEAL
3 Large Pizza & Up to 3 Toppings Each
6 Cans of Pop
Add $4.00 for Delivery
$ 42.00
Call:604-826-5900
Address:32818 7th Avenue Mission B.C




Satbir Bhullar
"Smart Mortgage Solutions"
DOMINION LENDING CENTRES
ਤੁਹਾਡੇ ਕਿਸੇ ਵੀ ਮੋਰਗੇਜ਼ ਸਬੰਧੀ
ਪ੍ਰਸ਼ਨਾਂ ਦੇ ਹੱਲ ਲਈ ਅੱਜ ਹੀ ਕਾਲ ਕਰੋ ਜਾਂ ਮਿਲੋ
ਤੁਹਾਡੇ ਆਪਣੇ ਮੋਰਗੇਜ਼ ਸਪੈਸ਼ਲਿਸਟ
ਸਤਬੀਰ ਭੁੱਲਰ ਨੂੰ।
satbir@satbirbhullar.ca/www.satbirbhullar.ca
Tel: 604-751-1447
# 3-32056 S Fraser Way, Abbotsford, BC V2T 1V7
Satbir Bhullar
Mortgage Specialist


SUNFARM
ABBOTSFORD
PRODUCE | GROCERY | UTENSIL
ਹਰ ਤਰ੍ਹਾਂ ਦੀਆਂ ਲੋਕਲ ਸਬਜ਼ੀਆਂ
'ਸਨਫਾਰਮ' ਐਬਟਸਫੋਰਡ 'ਤੇ ਮਿਲਦੀਆਂ ਹਨ।
Prop. Jawant S Khinda
Sun Farm Abbotsford.
Ria MONEY TRANSFER
ਇੰਡੀਆ ਪੈਸੇ ਭੇਜਣ ਲਈ ਸੰਪਰਕ ਕਰੋ
Weekly SPECIAL ITEMS!
GREEN $2.29 Lb
RED $2.99 Lb
Bell Peppers
ਸ਼ਿਮਲਾ ਮਿਰਚਾ ਲਾਲ, ਹਰੀਆਂ
APPLE / ਸੇਬ
BANANA / ਕੇਲੇ
RIGHT FROM JALANDHAR'S FAMOUS LOVELY SWEETS
2 FOR 99¢
Desi Ghee Cookies
ਦੇਸੀ ਘਿਓ ਕੁਕੀਜ਼
Lockey
ਇੰਡੀਅਨ ਲੌਕੀ
$1.99 Lb
SUPER SPECIAL
$8.99 8 LB
Najma Premium Basmati Rice
ਬਾਸਮਤੀ ਚਾਵਲ
SUPER SPECIAL
Parliament Rozana Basmati Rice
$8.99 8 LB
ਬਾਸਮਤੀ ਚਾਵਲ
SUPER SPECIAL
$1.99 3 Packs
MAGGIE NOODELS
ਮੈਗੀ ਨੂਡਲਜ਼
BEST PRICE
Sher Besan
ਸ਼ੇਰ ਵੇਸਣ
$3.99 4 Lb
SUPER SPECIAL
Suji Rusk
$3.99 EACH
BEST PRICE
BIKANO SUJI RUSK
ਬੀਕਾਨੋ ਸੂਜੀ ਰਸਕ
SUPER SPECIAL
BEST PRICE
$9.99 1KG.
TATA AGNI TEA
ਟਾਟਾ ਅਗਨੀ ਚਾਹ
SUPER SPECIAL
BEST PRICE
ROMA TOMATOES
$1.49 LB.
ਰੋਮਾ ਟਮਾਟਰ
SUPER SPECIAL
$3.99 EA
SHAN MANGO PICKLE
ਸ਼ਾਨ ਅੰਬ ਦਾ ਅਚਾਰ
$4.99
BEST PRICE
Tops Gold Pickle
ਟੌਪਸ ਗੋਲਡ ਅਚਾਰ
BC DIAKONS WITH LEAVES
ਮੂਲੀਆਂ (ਪੱਤੇਦਾਰ)
$1.99 EA
BEST PRICE
1 FOR 99¢
Lovely Atta Rusks
BEST PRICE
$8.99
Tata Premium Tea
ਟਾਟਾ ਪ੍ਰੀਮੀਅਮ ਚਾਹ
BUY GOLD WIN GOLD
SCAN
AND GET THE CHANCE TO WIN 1GM GOLD
UNIT 108 3670 TOWNLINE ROAD, ABBOTSFORD
(IN WESTERN COMMUNITY COLLEGE PLAZA)
604-556-8964